# FARM AND SPICE

Open 7 Days a Week
8.30 am to 9.00 pm

## SPECIAL OFFERS : 01- 07 July

Daily Specials on

ਪੁਦੀਨਾ
Mint
99¢ /each

ਜ਼ੁਕੀਨੀ
Zucchini
99¢ /lb

ਗੋਬੀ
Cauliflower
$2.29 each

ਮਤੀਰਾ
Watermelon Large
79¢ /lb

ਅਨਾਰ
Pomegranate
$2.49 each

ਚਿੰਗ ਸਾਸ (ਐਸਾਰਟਿਡ)
Ching's Sauce
Greenchilli/Red Chilli/ Dark Soya
200g
99¢ /each

ਸੇਬ ਐਂਬ੍ਰਸੀਆ
Apple Ambrosia
$1.49 /lb

ਨਮਕੀਨਜ਼
Balaji
Assorted Namkeen
200g
$1.49 each

ਨਮਕੀਨਜ਼
Balaji
Assorted Namkeen
500g
$2.99 each

ਹਲਦੀਰਾਮ ਨਮਕੀਨ
Haldiram
Assorted Namkeen
150-200g
$1.29 each

ਵੇਰਕਾ ਪੱਫ
Verka
Assorted Khari Puff
350g
$4.99 each

ਹੈਲੋ ਜੀ ਰੱਸ
Hello ji
Saunf Elaichi & Milk Rusk
600g
$3.99 each

ਰੂਹਆਫਜ਼ਾ
Roohafza
Indian/Pakistani
$3.99 each

ਸੌਰਭੀ ਐਸਾਰਟਿਡ ਆਟਾ
Saurbhi Flour
Bajari Flour/Corn Flour/ Ragi Atta/Besan
4lb
$3.99 each

ਬਾਸਮਤੀ ਚਾਵਲ
India at Home
Dehradun Basmati Rati
8lb
$7.99 each

ਪੰਸਾਰੀ ਆਟਾ
Pansari
Chakki Atta
20lb
$9.99 each

PUNJABI FLAVOURED KULFI ALSO AVAILABLE

## DESIGNER RAKHI AVAILABLE

## DHALIWAL BAKERY ITEMS AVAILABLE NOW

# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

Curbside pick up available

*while supply last

CIVIC
FAMILY HEALTH CENTRE
WE CARE PHARMACY

# WE CARE
# PHARMACY & MEDICAL CLINIC






## Civic Family Health Centre & We Care Medical Clinic are accepting New Family Patients

## ਅਸੀਂ ਨਵੇਂ ਮਰੀਜ ਲੈ ਰਹੇ ਹਾਂ ਅਤੇ ਹਫਤੇ ਦੇ 7 ਦਿਨ ਖੁੱਲ੍ਹਦੇ ਹਾਂ

### WE CARE
### WALK-INS

When you have difficulty seeing your family doctor for your medical needs please visit our walk-in clinic.

### WE CARE
### COMPLEX CARE CLINIC

(Team Based Approach)

Physician | Pharmacist
Physiotherapist | Patient

### WE CARE PHARMACY
### SERVICES OFFERED

Medication Counselling
Over-the-counter medication advise

- Insurance Claim Processing
- Medication Reviews
- Home Care Supplies
- Diabetic Supplies
- Ostomy Supplies
- Flu Shots & routine Vaccination
- Smoking Cassation Program
- Free Prescription delivery

## ਅਸੀਂ ਪੰਜਾਬੀ,ਹਿੰਦੀ ਅਤੇ ਇੰਗਲਿਸ਼ ਵਿੱਚ ਸੇਵਾਵਾਂ ਦਿੰਦੇ ਹਾਂ।

**We Care Medical Clinic**
Ph: 604-593-6934
Fax: 604-593-6933

**We Care Pharmacy**
Ph: 604-593-6924
Fax: 604-593-6925

#100-101, 6329 King George Blvd., Surrey, BC- V3X 1G1

**Civic Family Health Centre**
Ph: 778-565-7844
Fax: 778-819-0180

**We Care Pharmacy#2**
Ph: 778-565-7988
Fax: 778-565-7989

Add:110-13588 88 Ave, Surrey, BC- V3W 3K8

For more info Please Visit www.wecarerx.ca

# ਸਿਮਰਨਜੀਤ ਸਿੰਘ ਮਾਨ ਨੇ ਢਾਹਿਆ ਆਪ ਦਾ ਕਿਲ੍ਹਾ

## ਕਾਂਗਰਸ, ਭਾਜਪਾ ਤੇ ਅਕਾਲੀ ਦਲ (ਬ) ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ



ਸੰਗਰੂਰ:ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ (ਅ) ਦੇ ਉਮੀਦਵਾਰ ਸ. ਸਿਮਰਨਜੀਤ ਸਿੰਘ ਮਾਨ ਨੇ ਵੱਡਾ ਉਲਟਫੇਰ ਕਰਦਿਆਂ ਜਿੱਤ ਹਾਸਲ ਕੀਤੀ। ਉਨ੍ਹਾਂ 'ਆਪ' ਦੇ ਗੜ੍ਹ ਮੰਨੇ ਜਾਂਦੇ ਹਲਕਾ ਸੰਗਰੂਰ ਤੋਂ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ 'ਚ 5822 ਵੋਟਾਂ ਨਾਲ ਹਰਾਇਆ, ਜਦਕਿ ਕਾਂਗਰਸ, ਭਾਜਪਾ ਤੇ ਅਕਾਲੀ ਦਲ (ਬ) ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਸਿਮਰਨਜੀਤ ਸਿੰਘ ਮਾਨ 2,53,154 ਵੋਟਾਂ ਹਾਸਲ ਕਰਕੇ ਪਹਿਲੇ ਸਥਾਨ 'ਤੇ ਰਹੇ, ਜਦਕਿ ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ ਘਰਾਚੋਂ 2,47,332 ਵੋਟਾਂ ਨਾਲ ਦੂਸਰੇ, ਕਾਂਗਰਸ ਦੇ ਦਲਵੀਰ ਸਿੰਘ ਗੋਲਡੀ 79,668 ਵੋਟਾਂ ਨਾਲ ਤੀਸਰੇ, ਭਾਜਪਾ ਦੇ ਕੇਵਲ ਸਿੰਘ ਢਿੱਲੋਂ 66,298 ਨਾਲ ਚੌਥੇ ਤੇ ਅਕਾਲੀ ਦਲ (ਬ) ਦੀ ਬੀਬੀ ਕਮਲਦੀਪ ਕੌਰ ਰਾਜੋਆਣਾ 44,428 ਵੋਟਾਂ ਨਾਲ ਪੰਜਵੇਂ ਸਥਾਨ 'ਤੇ ਰਹੇ। ਸਿੰਘ ਆਮ ਆਦਮੀ ਪਾਰਟੀ ਦੇ ਵਰਕਰਾਂ ਨਾਲੋਂ ਅਕਾਲੀ ਦਲ (ਅ) ਦੇ ਵਰਕਰਾਂ ਦੀ ਗਿਣਤੀ ਵੱਧ ਦੇਖੀ ਗਈ। ਜਦ ਗੁਰਮੇਲ ਸਿੰਘ ਘਰਾਚੋਂ ਗਿਣਤੀ 'ਚ ਅੱਗੇ ਹੋ ਜਾਂਦੇ ਤਾਂ 'ਆਪ' ਵਰਕਰ ਨਾਅਰੇਬਾਜ਼ੀ ਸ਼ੁਰੂ ਕਰ ਦਿੰਦੇ ਅਤੇ ਜਦ ਸਿਮਰਨਜੀਤ ਸਿੰਘ ਮਾਨ ਦੀਆਂ ਵੋਟਾਂ ਦੀ ਗਿਣਤੀ ਵਧਦੀ ਤਾਂ ਮਾਨ ਦੇ ਵਰਕਰ ਜੈਕਾਰੇ ਗੂੰਜਣ ਲਗਾ ਦਿੰਦੇ।

ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਹਾਰਨ ਤੋਂ ਬਾਅਦ ਲੋਕ ਸਭਾ 'ਚ ਹੁਣ ਆਮ ਆਦਮੀ ਪਾਰਟੀ ਦਾ ਕੋਈ ਵੀ ਮੈਂਬਰ ਨਹੀਂ ਰਿਹਾ। ਨਤੀਜਿਆਂ ਨੇ ਰਾਜਨੀਤਕ ਹਲਕਿਆਂ 'ਚ ਕਾਫ਼ੀ ਹੈਰਾਨੀ ਪੈਦਾ ਕੀਤੀ ਹੈ। ਇਸ ਚੋਣ 'ਚ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਵੀ ਵੋਟਰਾਂ ਵਲੋਂ ਵੱਡਾ ਝਟਕਾ ਦਿੱਤਾ ਗਿਆ ਹੈ। ਇਸ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬੀਬੀ ਕਮਲਦੀਪ ਕੌਰ ਪੰਜਵੇਂ ਸਥਾਨ 'ਤੇ ਆਏ ਹਨ ਜਦਕਿ ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਚੌਥਾ ਸਥਾਨ ਹਾਸਲ ਕੀਤਾ ਹੈ । ਨਤੀਜਿਆਂ 'ਚ ਨੋਟਾ ਨੇ 9 ਉਮੀਦਵਾਰਾਂ ਤੋਂ ਵੱਧ ਵੋਟਾਂ ਪ੍ਰਾਪਤ ਕੀਤੀਆਂ ਹਨ । ਨੋਟਾ ਨੂੰ 2471 ਵੋਟਾਂ ਮਿਲੀਆਂ, ਜੋ ਕੁੱਲ ਪੋਲ ਹੋਈਆਂ ਵੋਟਾਂ ਦਾ 0.35 ਫ਼ੀਸਦੀ ਹੈ। ਆਜ਼ਾਦ ਉਮੀਦਵਾਰ ਗਗਨਦੀਪ ਸਿੰਘ ਨੂੰ 2400, ਆਪਣੀ ਏਕਤਾ ਪਾਰਟੀ ਦੇ ਹਸਨ ਮੁਹੰਮਦ ਨੂੰ 1842, ਆਜ਼ਾਦ ਉਮੀਦਵਾਰ ਰਤਨ ਲਾਲ ਸਿੰਗਲਾ ਨੂੰ 1717, ਆਜ਼ਾਦ ਉਮੀਦਵਾਰ ਪੱਪੂ ਕੁਮਾਰ ਨੂੰ 1414, ਆਜ਼ਾਦ ਉਮੀਦਵਾਰ ਸੁਨੈਨਾ ਨੂੰ 1390, ਪਿਉਪਲ ਪਾਰਟੀ ਆਫ਼ ਇੰਡੀਆ ਦੇ ਜਗਮੋਹਨ ਸਿੰਘ ਨੂੰ 1062, ਆਜ਼ਾਦ ਉਮੀਦਵਾਰ ਸ਼ਕਤੀ ਗੁਪਤਾ ਨੂੰ 964, ਆਜ਼ਾਦ ਉਮੀਦਵਾਰ ਅਮਨਦੀਪ ਕੌਰ ਉੱਪਲ ਨੂੰ 677 ਤੇ ਆਜ਼ਾਦ ਉਮੀਦਵਾਰ ਅਜੇ ਕੁਮਾਰ ਨੂੰ 388 ਵੋਟਾਂ ਮਿਲੀਆਂ।

# ਮੌਜੂਦਾ ਭਾਜਪਾ 'ਚ ਲੋਕਤੰਤਰ ਦੀ ਕਮੀ:ਸਿਨਹਾ

ਨਵੀਂ ਦਿੱਲੀ:- ਰਾਸ਼ਟਰਪਤੀ ਚੋਣ ਵਿੱਚ ਵਿਰੋਧੀ ਧਿਰ ਦੇ ਉਮੀਦਵਾਰ ਯਸ਼ਵੰਤ ਸਿਨਹਾ ਨੇ ਆਪਣਾ ਨਾਮਜ਼ਦਗੀ ਪੱਤਰ ਦਾਖਲ ਕੀਤਾ। ਇਸ ਤੋਂ ਬਾਅਦ ਪ੍ਰੈੱਸ ਕਾਨਫਰੰਸ ਕਰਕੇ ਉਨ੍ਹਾਂ ਆਪਣੀ ਗੱਲ ਰੱਖੀ। ਸਿਨਹਾ ਨੇ ਕਿਹਾ ਕਿ ਜਿਸ ਭਾਜਪਾ ਦਾ ਮੈਂ ਹਿੱਸਾ ਸੀ, ਉਸ ਵਿਚ ਅੰਦਰੂਨੀ ਲੋਕਤੰਤਰ ਸੀ, ਜਿਸ ਦੀ ਮੌਜੂਦਾ ਭਾਜਪਾ ਵਿਚ ਕਮੀ ਹੈ। ਪ੍ਰਤੀਕਾਤਮਕ ਰਾਜਨੀਤੀ ਪ੍ਰਵਾਨ ਨਹੀਂ, ਪਿਛਲੇ ਸਮੇਂ ਵਿੱਚ ਕੀਤੇ ਕੰਮਾਂ ਦੀ ਗੱਲ ਕਰਾਂਗੇ। ਮੈਂ ਰਾਸ਼ਟਰਪਤੀ ਚੋਣ ਵਿੱਚ ਸਮਰਥਨ ਲਈ ਆਪਣੇ ਪੁਰਾਣੇ ਭਾਜਪਾ ਸਹਿਯੋਗੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਾਂਗਾ। ਰਾਸ਼ਟਰਪਤੀ ਦੀ ਚੋਣ ਤਾਨਾਸ਼ਾਹੀ ਸ਼ਕਤੀ ਦੀ ਵਿਚਾਰਧਾਰਾ ਅਤੇ ਇਸ ਤੋਂ ਆਜ਼ਾਦੀ ਦੀ ਲੜਾਈ ਹੈ।


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



**Charlesworth insurance services ltd.**

Servicing the following insurance needs:

- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"



Phone: 604-852-2565

Fax: 852-2996


OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4



www.accuraterailing.com

**AccurateRailing & AWNING LTD**



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਿਟੀ ਬਾਰ

For more information call:

Avtar S. Devgan or Jagtar S. Devgan

Ph: 604-596-6512

Cell: 604-866-1432 * Cell: 604-961-8767

Unit # 126, 130 - 12639 - 80th Avenue, Surrey



**KOHALY PRINTING**

Tel:604.594.2324 Fax:604.594.2361

Unit 210-12837-76th Ave, Surrey, B.C V3W2V3

www.kohalyprinting.com Email: info@kohalyprinting.com




Best Rates

ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਲੋਕ ਸਭਾ ਹਲਕਾ ਸੰਗਰੂਰ ਦੇ, ਪੰਜਾਬ ਅਤੇ ਬਾਹਰਲੇ ਮੁਲਕਾਂ ਦੇ ਪੰਜਾਬੀਆਂ ਅਤੇ ਸਿੱਖ ਕੌਮ ਦਾ ਆਤਮਾ ਦੀ ਗਹਿਰਾਈਆ 'ਚੋਂ ਧੰਨਵਾਦ:ਮਾਨ

ਨਵੀਂ ਦਿੱਲੀ, (ਮਨਪ੍ਰੀਤ ਸਿੰਘ ਖਾਲਸਾ):- "ਜਿਸ ਸਿੱਦਤ, ਦ੍ਰਿੜਤਾ ਅਤੇ ਇਮਾਨਦਾਰੀ ਨਾਲ ਲੋਕ ਸਭਾ ਹਲਕਾ ਸੰਗਰੂਰ ਦੀ ਸਮੁੱਚੇ ਵਰਗਾਂ ਦੇ ਨਿਵਾਸੀਆ, ਵੋਟਰਾਂ, ਸਮੁੱਚੇ ਪੰਜਾਬ ਸੂਬੇ ਅਤੇ ਬਾਹਰਲੇ ਮੁਲਕਾਂ ਵਿਚ ਸੱਚ ਉਤੇ ਪਹਿਰਾ ਦੇਣ ਵਾਲੇ ਪੰਜਾਬੀਆਂ ਅਤੇ ਸਿੱਖਾਂ ਨੇ ਸੰਗਰੂਰ ਲੋਕ ਸਭਾ ਹਲਕੇ ਦੀ ਹੋਈ ਜਿਮਨੀ ਚੋਣ ਵਿਚ ਦਿਨ-ਰਾਤ ਇਕ ਕਰਕੇ ਮੈਨੂੰ ਅਤੇ ਪਾਰਟੀ ਨੂੰ ਆਪਣੀਆ ਬਹੁਕੀਮਤੀ ਵੋਟਾਂ ਪਾ ਕੇ ਅਤੇ ਫੋਨਾਂ ਤੇ ਹੋਰ ਸਾਧਨਾਂ ਰਾਹੀ ਸੁਨੇਹੇ ਦੇ ਕੇ 3 ਵੱਡੀਆ ਤਾਕਤਾਂ ਮੋਦੀ ਹਕੂਮਤ, ਦਿੱਲੀ ਦੀ ਕੇਜਰੀਵਾਲ ਹਕੂਮਤ ਅਤੇ ਪੰਜਾਬ ਦੀ ਪਵਿੱਤਰ ਧਰਤੀ ਤੇ ਪੰਜਾਬੀਆਂ ਤੇ ਸਿੱਖ ਕੌਮ ਨੂੰ ਗੁੰਮਰਾਹ ਕਰਕੇ ਕਾਬਜ ਹੋਈ ਭਗਵੰਤ ਸਿੰਘ ਮਾਨ ਦੀ ਹਕੂਮਤ ਨੂੰ ਹਾਰ ਦੇ ਕੇ ਅਤੇ ਸਾਨੂੰ ਸ਼ਾਨ ਨਾਲ ਜਿਤਾਕੇ ਕੌਮਾਂਤਰੀ ਪੱਧਰ ਤੇ ਪੰਜਾਬੀਆਂ ਤੇ ਸਿੱਖ ਕੌਮ ਦੀ ਅਣਖੀਲੀ ਅਤੇ ਨਿਰਾਲੀ ਸੋਚ ਨੂੰ ਸਹੀ ਦਿਸ਼ਾ ਵੱਲ ਉਜਾਗਰ ਕੀਤਾ ਹੈ । ਉਸ ਨਿਭਾਈ ਗਈ ਵੱਡੀ ਜ਼ਿੰਮੇਵਾਰੀ ਲਈ ਅਸੀ ਉਪਰੋਕਤ ਸਭ ਵਰਗਾਂ ਦਾ ਮੈਂ ਆਪਣੇ ਵੱਲੋ ਅਤੇ ਸਮੁੱਚੀ ਪਾਰਟੀ ਵੱਲੋ ਤਹਿ ਦਿਲੋ ਆਤਮਾ ਦੀਆਂ ਗਹਿਰਾਈਆ ਵਿਚੋ ਧੰਨਵਾਦ ਕਰਦੇ ਹਾਂ, ਉਥੇ ਉਸ ਅਕਾਲ ਪੁਰਖ, ਅੱਲ੍ਹਾਤਾਲਾ, ਖੁੱਦਾ, ਪ੍ਰਮਾਤਮਾ ਉਸ ਅਦੁੱਤੀ ਸ਼ਕਤੀ ਦਾ ਸੁਕਰਾਨਾ ਵੀ ਕਰਦੇ ਹਾਂ, ਜਿਨ੍ਹਾਂ ਨੇ ਸਾਡੇ ਪੰਜਾਬੀਆਂ ਤੇ ਸਿੱਖ ਕੌਮ ਨੂੰ ਇਸ ਅਤਿ ਅਹਿਮ ਘੜੀ ਵਿਚ ਦ੍ਰਿੜਤਾ ਅਤੇ ਸੱਚ ਉਤੇ ਪਹਿਰਾ ਦੇਣ ਦੀ ਸ਼ਕਤੀ ਬਖਸੀ ਅਤੇ ਪੰਜਾਬ ਸੂਬੇ, ਸਿੱਖ ਕੌਮ ਨਾਲ ਧੋਖਾ ਕਰਨ ਵਾਲੀਆ ਸ਼ਕਤੀਆ ਨੂੰ ਨਮੋਸ਼ੀ ਭਰੀ ਹਾਰ ਬਖਸੀ ।"

ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੰਗਰੂਰ ਲੋਕ ਸਭਾ ਹਲਕੇ ਦੀ ਹੋਈ ਜਿਮਨੀ ਚੋਣ ਉਤੇ ਸੰਗਰੂਰ ਨਿਵਾਸੀਆ, ਸਮੁੱਚੇ ਪੰਜਾਬੀਆਂ ਤੇ ਬਾਹਰਲੇ ਮੁਲਕਾਂ ਵਿਚ ਵਿਚਰ ਰਹੇ ਸਭ ਪੰਜਾਬ ਦੇ ਨਿਵਾਸੀਆ ਵੱਲੋਂ ਦ੍ਰਿੜਤਾ ਤੇ ਸੰਜ਼ੀਦਗੀ ਨਾਲ ਮੇਰੀ ਜਿੱਤ ਲਈ ਕੀਤੇ ਗਏ ਵੱਡੇ ਉੱਦਮਾਂ ਲਈ ਸਮੁੱਚੇ ਵਰਗਾਂ, ਪੰਜਾਬੀਆਂ ਤੇ ਸਿੱਖ ਕੌਮ ਦਾ ਧੰਨਵਾਦ ਕਰਦੇ ਹੋਏ ਅਤੇ ਉਸ ਅਕਾਲ ਪੁਰਖ ਦਾ ਸੁਕਰਾਨਾ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਇਹ ਸ਼ਕਤੀ ਵੀ ਮੈਨੂੰ ਅਤੇ ਮੇਰੀ ਪਾਰਟੀ ਨੂੰ ਉਸ ਅਕਾਲ ਪੁਰਖ ਨੇ ਹੀ ਬਖਸ਼ਿਸ਼ ਕੀਤੀ ਹੋਈ ਹੈ ਕਿ ਅਸੀ ਸੀਮਤ ਸਾਧਨਾਂ ਦੇ ਹੁੰਦੇ ਹੋਏ ਵੀ ਬੀਤੇ ਲੰਮੇ ਸਮੇ ਤੋ ਇਥੋ ਦੀਆਂ ਪੰਜਾਬ ਅਤੇ ਸਿੱਖ ਕੌਮ ਵਿਰੋਧੀ ਮੁਤੱਸਵੀ ਤਾਕਤਾਂ ਬੀਜੇਪੀ-ਆਰ.ਐਸ.ਐਸ. ਬਾਦਲ ਦਲ, ਆਮ ਆਦਮੀ ਪਾਰਟੀ ਅਤੇ ਫਿਰਕੂ ਸੰਗਠਨਾਂ ਤੇ ਹਿੰਦੂ ਹੁਕਮਰਾਨਾਂ ਵਿਰੁੱਧ ਬਿਨ੍ਹਾਂ ਕਿਸੇ ਡਰ-ਭੈ ਤੋ ਅਡੋਲ ਜੂਝਦੇ ਆ ਰਹੇ ਹਾਂ ਅਤੇ ਆਪਣੇ ਮਿੱਥੇ ਨਿਸਾਨੇ ਦੀ ਪ੍ਰਾਪਤੀ ਲਈ ਹਰ ਪਲ, ਹਰ ਦਿਨ ਜਮਹੂਰੀਅਤ ਅਤੇ ਅਮਨਮਈ ਢੰਗ ਨਾਲ ਮੰਜਿਲ ਵੱਲ ਵੱਧ ਰਹੇ ਹਾਂ। ਸ. ਮਾਨ ਨੇ ਕਿਹਾ ਕਿ ਐਨੀਆ ਵੱਡੀਆ ਹਕੂਮਤੀ ਤਾਕਤਾਂ, ਸਿਆਸੀ ਤਾਕਤ, ਧਨ-ਦੌਲਤਾਂ ਦੀਆਂ ਮਾਲਕ ਸ਼ਕਤੀਆ ਨਾਲ ਆਢਾ ਲਿਆ ਹੋਇਆ ਹੈ, ਇਹ ਸ਼ਕਤੀ ਵੀ ਆਪ ਸਭ ਪੰਜਾਬ ਨਿਵਾਸੀਆ ਅਤੇ ਸਿੱਖ ਕੌਮ ਦੀਆਂ ਅਰਦਾਸ਼ਾਂ ਸਦਕਾ ਸਾਡੇ ਕੋਲ ਭਰਪੂਰ ਹੈ । ਇਸ ਹੋਈ ਜਿੱਤ ਉਤੇ ਜਿਥੇ ਅਸੀ ਵੱਡੀ ਖੁਸ਼ੀ ਮਹਿਸੂਸ ਕਰ ਰਹੇ ਹਾਂ, ਉਥੇ ਅਸੀ ਪੰਜਾਬੀਆਂ ਤੇ ਸਿੱਖ ਕੌਮ ਵੱਲੋ ਇਹ ਜਿੱਤ ਦੇ ਕੇ ਸਾਡੇ ਉਤੇ ਪਾਈ ਗਈ ਵੱਡੀ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਵੀ ਆਪਣੇ ਜਹਿਨ ਵਿਚ ਰੱਖਦੇ ਹੋਏ ਅਗਲੀ ਰਣਨੀਤੀ ਅਤੇ ਵਿਊਤਬੰਦੀ ਵੀ ਕਰ ਰਹੇ ਹਾਂ। ਤਾਂ ਕਿ ਕੇਵਲ ਸੰਗਰੂਰ ਨਿਵਾਸੀਆ ਦੇ ਇਸ ਸਹਿਯੋਗ ਨਾਲ ਹੀ ਨਹੀ ਬਲਕਿ ਸਮੁੱਚੇ ਪੰਜਾਬੀਆਂ ਤੇ ਸਿੱਖ ਕੌਮ ਦੇ ਸੰਜ਼ੀਦਗੀ ਭਰੇ ਸਹਿਯੋਗ ਨਾਲ ਇਸ ਡੇਢ ਸਾਲ ਦੇ ਮਿਲੇ ਸਮੇ ਦੇ ਇਕਪਲ ਨੂੰ ਵੀ ਅਜਾਈ ਨਹੀ ਜਾਣ ਦੇਵਾਂਗੇ।ਪੰਜਾਬ ਸੂਬੇ ਤੇ ਸਿੱਖ ਕੌਮ ਨਾਲ ਹੁਕਮਰਾਨਾਂ ਵੱਲੋ ਹਰ ਖੇਤਰ ਵਿਚ ਕੀਤੀਆ ਜਾਂਦੀਆ ਆ ਰਹੀਆ ਬੇਇਨਸਾਫ਼ੀਆਂ, ਵਿਤਕਰੇ, ਜ਼ਬਰ ਜੁਲਮ ਦੀ ਆਵਾਜ ਨੂੰ ਆਪ ਸਭਨਾਂ ਦੀ ਆਵਾਜ ਬਣਕੇ ਪਹਿਲੇ ਦੀ ਤਰ੍ਹਾਂ ਕੇਵਲ ਪਾਰਲੀਮੈਟ ਵਿਚ ਹੀ ਨਹੀ ਉਠਾਵਾਗੇ, ਬਲਕਿ ਇਸਨੂੰ ਪੰਜਾਬ ਸੂਬੇ ਅਤੇ ਕੌਮਾਂਤਰੀ ਪੱਧਰ ਦੀ ਲਹਿਰ ਬਣਾਕੇ, ਪੰਜਾਬ ਸੂਬੇ, ਪੰਜਾਬੀਆਂ ਤੇ ਸਿੱਖ ਕੌਮ ਨਾਲ ਹੁੰਦੀ ਆ ਰਹੀ ਬੇਇਨਸਾਫ਼ੀ ਨੂੰ ਖਤਮ ਕਰਵਾਕੇ ਅਤੇ ਇਥੇ ਉਪਰੋਕਤ ਸਭ ਪੰਜਾਬ ਵਿਰੋਧੀ ਹਿੰਦੂਤਵ ਤਾਕਤਾਂ ਨੂੰ ਸਿਆਸੀ ਵਲਗਣਾ ਤੋ ਖਤਮ ਕਰਕੇ ਪੰਜਾਬੀਆ ਤੇ ਸਿੱਖ ਕੌਮ ਦਾ ਆਪਣਾ ਰਾਜ ਪ੍ਰਬੰਧ ਕਾਇਮ ਕਰਨ ਤੱਕ ਇਸੇ ਤਰ੍ਹਾਂ ਦ੍ਰਿੜਤਾ ਅਤੇ ਸੰਜ਼ੀਦਗੀ ਨਾਲ ਸੰਘਰਸ਼ ਕਰਾਂਗੇ । ਹਰ ਕੀਮਤ ਤੇ ਇਸ ਸੰਘਰਸ ਨੂੰ ਮੰਜਿਲ ਉਤੇ ਪਹੁੰਚਾਉਣ ਦੀ ਜ਼ਿੰਮੇਵਾਰੀ ਨੂੰ ਪੂਰਨ ਕਰਾਂਗੇ।

ਸ. ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਜਿਵੇ ਸੰਗਰੂਰ ਨਿਵਾਸੀਆ, ਵੋਟਰਾਂ ਨੇ ਅਤੇ ਹਰ ਇਕ ਪੰਜਾਬੀ ਤੇ ਸਿੱਖ ਨੇ ਇਸ ਮਕਸਦ ਦੀ ਪ੍ਰਾਪਤੀ ਲਈ ਆਪੋ ਆਪਣੀ ਇਖਲਾਕੀ ਜ਼ਿੰਮੇਵਾਰੀ ਸਮਝਕੇ ਦਾਸ ਨੂੰ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਸਹਿਯੋਗ ਕੀਤਾ ਹੈ, ਉਸੇ ਤਰ੍ਹਾਂ ਸਮੁੱਚੇ ਪੰਜਾਬ ਦੀ ਅਤੇ ਇਥੇ ਵੱਸਣ ਵਾਲੀਆ ਸਭ ਕੌਮਾਂ, ਧਰਮਾਂ ਦੀ ਬਿਹਤਰੀ ਲਈ ਸਹੀ ਰਾਜ ਪ੍ਰਬੰਧ ਕਾਇਮ ਕਰਨ ਲਈ ਨਿਰੰਤਰ ਸਹਿਯੋਗ ਕਰਦੇ ਰਹੋਗੇ। ਇਹ ਸਾਡਾ ਵਾਅਦਾ ਹੈ ਕਿ ਅਸੀ ਆਪਣੇ ਕੀਤੇ ਗਏ ਬਚਨ ਅਨੁਸਾਰ ਇਸ ਦੁਨੀਆ ਤੋ ਸਰੂਖਰ ਹੋਣ ਤੋ ਪਹਿਲੇ-ਪਹਿਲੇ ਇਹ ਸਮਾਜਿਕ, ਇਖਲਾਕੀ ਅਤੇ ਇਨਸਾਨੀ ਜ਼ਿੰਮੇਵਾਰੀ ਨੂੰ ਪੂਰਨ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ।





BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration





New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC


Jasbir Singh Badh

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਸੁਖਵੀਰ ਦੇ ਹੰਕਾਰ ਅਤੇ ਪ੍ਰਕਾਸ਼ ਸਿੰਘ ‘ਬਾਦਲ’ ਦੀ ਪਰਿਵਾਰਪ੍ਰਸਤੀ ਨੇ ਅਕਾਲੀ ਦਲ ਦਾ ਭੋਗ ਪਾ ਦਿੱਤਾ



ਸ਼ਰੋਮਣੀ ਅਕਾਲੀ ਦੱਲ ਦੀ ਰੂਹ ਪੰਥ ਅਤੇ ਕਿਸਾਨੀ ਵਿੱਚ ਵਸਦੀ ਹੈ, ਸ਼ਿਰੋਮਣੀ ਅਕਾਲੀ ਦੱਲ ਦਾ ਸੰਘਰਸ਼ ਅਤੇ ਪਾਪਤੀਆਂ ਤੇ ਹਰ ਪੰਜਾਬੀ ਮਾਣ ਮਹਿਸੂਸ ਕਰਦਾ ਹੈ।ਪ੍ਰੰਤੂ ਜਦੋਂ ਦਾ ਸ਼ਿਰੋਮਣੀ ਅਕਾਲੀ ਦੱਲ “ ਬਾਦਲ ਦੱਲ “ ਬਣਿਆਂ ਹੈ ਉਦੋਂ ਤੋਂ ਅਕਾਲੀ ਸਿਆਸਤ ਦਾ ਪ੍ਰੀਵਾਰੀਕਰਨ, ਵਪਾਰੀਕਰਨ , ਕਾਂਗਰਸੀਕਰਨ ਅਤੇ ਅਪਰਾਧੀਕਰਨ ਹੋਣਾ ਸ਼ੁਰੂ ਹੋ ਗਿਆ ਸੀ।ਪੰਥ ਅਤੇ ਪੰਜਾਬ ਦੀ ਖਾਤਿਰ ਮਰ ਮਿੱਟਣ ਦਾ ਅਕਾਲੀ ਜ਼ਜ਼ਬਾ ਕੇਵਲ ਰਾਜਸੱਤਾ ਦੇ ਸੁੱਖ ਮਾਨਣ ਤੱਕ ਸੀਮਤ ਹੋ ਕੇ ਰਹਿ ਗਿਆ।

ਬਾਦਲ ਦੱਲ ਨੇ 2007 ਤੋਂ 2017 ਤੱਕ ਲਗਾਤਾਰ 10 ਵਰ੍ਹੇ ਪੰਜਾਬ ਵਿੱਚ ਰਾਜ ਕੀਤਾ ਹੈ ਇਸ ਦੌਰਾਨ ਅਕਾਲੀ ਦੱਲ ਵਿੱਚ ਪਰਿਵਾਰਵਾਦ ਭਾਰੂ ਹੋਇਆ , ਜੇ ਸਰਕਾਰ ਬਣੀਂ ਤਾਂ ਮੁੱਖ ਮੰਤਰੀ ਸ੍ਰ .ਪ੍ਰਕਾਸ਼ ਸਿੰਘ “ ਬਾਦਲ “ ,ਉੱਪ ਮੁੱਖ ਮੰਤਰੀ ਸੁਖਵੀਰ ਬਾਦਲ ,ਵਿਕਰਮ ਮਜੀਠੀਆ ਮੰਤਰੀ ਤੇ ਬਾਦਲ ਸਾਹਿਬ ਦੇ ਦਾਮਾਦ ਆਦੇਸ਼੍ਪ੍ਰਤਾਪ ਸਿੰਘ ਕੈਰੋਂ ਮੰਤਰੀ ਆਦਿ ਰਿਸ਼ਤੇਦਾਰਾਂ ਨੇ ਵੰਡੀਆਂ ਪਾ ਲਈਆਂ ਅਤੇ ਕੁੱਝ ਹਿੱਸਾ ਆਪਣੇ ਚਾਪਲੂਸਾਂ ਲਈ ਛੱਡ ਦਿੱਤਾ , ਪੰਥਕ ਅਕਾਲੀਆਂ ਨੂੰ ਨੇੜੇ ਵੀ ਨਾਂ ਫੜਕਣ ਦਿੱਤਾ ਅਤੇ ਅਕਾਲੀ ਦੱਲ ਦੇ ਅਹੁੱਦਿਆਂ ਉੱਤੇ ਵੀ ਆਪਣੇ ਪ੍ਰੀਵਾਰ ਦਾ ਹੀ ਕੰਟਰੋਲ ਸਥਾਪਿਤ ਕੀਤਾ ਗਿਆ । ਅਕਾਲੀ ਦੱਲ ਦਾ ਸ੍ਰਪ੍ਰਸਤ ਪ੍ਰਕਾਸ਼ ਸਿੰਘ ਬਾਦਲ , ਪ੍ਰਧਾਨ ਸੁਖਵੀਰ ਸਿੰਘ ਬਾਦਲ ,ਜਨਰਲ ਸਕੱਤਰ ਵਿਕਰਮ ਮਜੀਠੀਆ ਅਤੇ ਸੀਨੀਅਰ ਮੀਤ ਪ੍ਰਧਾਨ ਆਦੇਸ਼੍ਪ੍ਰਤਾਪ ਕੈਰੋਂ ਆਦਿ।ਦੂਜੀਆਂ ਪੰਥਵਿਰੋਧੀ ਪਾਰਟੀਆਂ ਵਿਚੋਂ ਬੰਦੇ ਤੋੜ ਤੋੜ ਕੇ ਉਨ੍ਹਾਂ ਨੂੰ ਿਲਅ ਅਤੇਿਫ ਬਣਾਇਆ ਗਿਆ ਅਤੇ ਕਿਸੇ ਨੂੰ ਅਕਾਲੀ ਵਰਕਰਾਂ ਦੇ ਸਿਰ ਤੇ ਹਲਕਾ ਇੰਚਾਰਜ ਬਣਾ ਕੇ ਬਿਠਾ ਦਿੱਤਾ ਗਿਆ । ਸਿੱਖਾਂ ਦੇ ਕਾਤਿਲਾਂ ਨੂੰ ਅਹੁਦੇਦਾਰੀਆਂ ਪੇਸ਼ ਕੀਤੀਆਂ ਗਈਆਂ , ਗਰੀਬ ਅਕਾਲੀ ਵਰਕਰਾਂ ਨੂੰ ਧੱਕੇ ਖਾਣੇ ਪਏ ।ਕੁੱਝ ਕੁ ਨੇ ਬੋਲਣ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਅਤੇ ਬਾਕੀ ਚਾਪਲੂਸ ਲਾਣਾ ਤਮਾਸ਼ਬੀਨ ਬਣ ਕੇ ਜੀ ਹਜ਼ੂਰੀ ਕਰਦਿਆਂ ਕੁਰਸੀਆਂ ਦਾ ਨਿੱਘ ਮਾਣਦਾ ਰਿਹਾ ਜਦੋਂ ਉਨ੍ਹਾਂ ਦੀ ਆਪਣੀ ਵਾਰੀ ਆਈ ਫਿਰ ਕਿਸ ਨੇ ਹਾਅ ਦਾ ਨਾਹਰਾ ਮਾਰਨਾਂ ਸੀ?

ਅਸੰਬਲੀ ਚੋਣ 2012 ਆਈਆਂ , ਬਾਦਲ ਦੱਲ ਨੇ ਪੰਥਕ ਮੁੱਦੇ ਛੱਡ ਕੇ ਕੇਵਲ ਵਿਕਾਸ ਦੇ ਮੁੱਦੇ ਤੇ ਚੋਣਾਂ ਲੜ੍ਹਨ ਦਾ ਐਲਾਨ ਕਰ ਦਿੱਤਾ ਮਤਲਬ ਸਾਫ ਸੀ ਕਿ ਹੁਣ ਬਾਦਲ ਦੱਲ ਨੂੰ ਸਿਰਫ ਚੋਣਾਂ ਜਿੱਤਣ ਨਾਲ ਮਤਲਬ ਹੈ ਉਹ ਜਿਵੇਂ ਮਰਜੀ ਜਿੱਤਣ।ਪਾਰਟੀ ਅਤੇ ਪੰਥ ਪ੍ਰਤੀ ਸਮਰਪਤ ਵਰਕਰਾਂ ਦੀ ਅਣਦੇਖੀ ਕਰਕੇ , ਬਹੁਤੇ ਥਾਂਈਂ ਸਿੱਖ ਸਿਧਾਂਤਾਂ ਦੇ ਵਿਰੋਧੀ ਵੀ ਟਿਕਟਾਂ ਲੈਣ ਵਿੱਚ ਸਫਲ ਹੋ ਗਏ ਅਤੇਿਲਅ ਵੀ ਬਣ ਗਏ।ਸਰਕਾਰ ਬਣ ਗਈ ਜਿਸ ਨੇ ਬਾਦਲ ਦੱਲ ਦਾ ਦਿਮਾਗ ਹੋਰ ਖਰਾਬ ਕਰ ਦਿੱਤਾ , ਉਹ ਪੰਥ ਨੂੰ ਟਿੱਚ ਜਾਨਣ ਲੱਗ ਪਏ ।

ਕੁੱਝ ਸਮੇ ਬਾਅਦ ਹੀ 29 ਮਾਰਚ 2012 ਨੂੰ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਖਤਮ ਕਰਾਉਣ ਲਈ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਖਾਲਸਾ ਪੰਥ ਨੂੰ ਫਾਂਸੀ ਦਾ ਵਿਰੋਧ ਕਰਨ ਲਈ ਸੜਕਾਂ ਤੇ ਰੋਸ ਪ੍ਰਗਟਾਉਣ ਦਾ ਆਦੇਸ਼ ਦੇ ਦਿੱਤਾ ਜਿਸ ਦੌਰਾਨ ਅੰਦੋਲਨਕਾਰੀ ਸਿੱਖਾਂ ਦਾ ਤਕਰਾਰ ਕੁੱਝ ਸ਼ਿਵ ਸੈਨਿਕਾਂ ਨਾਲ ਹੋ ਗਿਆ ਕਿਓਂਕਿ ਸ਼ਿਵ ਸੈਨਿਕ ਭਾਈ ਰਾਜੋਆਣਾਂ ਨੂੰ ਅੱਤਵਾਦੀ ਦੱਸ ਕੇ ਅੰਦੋਲਨ ਦਾ ਵਿਰੋਧ ਕਰ ਰਹੇ ਸਨ, ਇਸ ਦੌਰਾਨ ਬਾਦਲ ਸਰਕਾਰ ਦੀ ਪੁਲਿਸ ਨੇ ਗੋਲੀ ਚਲਾ ਦਿੱਤੀ ਜਿਸ ਕਾਰਨ ਭਾਈ ਜਸਪਾਲ ਸਿੰਘ “ਚੌੜ ਸਿੱਧਵਾਂ” ਦੀ ਸ਼ਹਾਦਤ ਹੋ ਗਈ।ਕੁੱਝ ਸਿੱਖ ਨੌਜਵਾਨਾਂ ਵਲੋਂ ਇਸ ਸ਼ਹਾਦਤ ਦਾ ਕਾਰਨ ਸਮਝੇ ਜਾਂਦੇ ਇੱਕ ਸ਼ਿਵ ਸੈਨਕ ਦੀ ਪਠਾਨਕੋਟ ਵਿੱਚ ਖਿੱਚ ਧੂਹ ਕੀਤੀ ਗਈ ਜਿਸ ਕਾਰਨ ਉਹ ਕੁੱਝ ਜਖਮੀ ਵੀ ਹੋ ਗਿਆ।ਪਰੰਤੂ ਬਾਦਲ ਸਰਕਾਰ ਦੇ ਮੁੱਖਮੰਤਰੀ ਅਤੇ ਉਪ ਮੁੱਖਮੰਤਰੀ ਸ਼ਿਵ ਸੈਨਕ ਦੀ ਖ਼ਬਰ ਲੈਣ ਤਾਂ ਗਏ ਪਰ ਭਾਈ ਜਸਪਾਲ ਸਿੰਘ ਨੂੰ ਅੱਜ ਤੱਕ ਕੋਈ ਇਨਸਾਫ ਨਾਂ ਦੇ ਸਕੇ ।ਪੰਥ ਵੇਖਦਾ ਰਿਹਾ ਪਰ ਇੰਨ੍ਹਾਂ ਨੂੰ ਕਾਹਦੀ ਪ੍ਰਵਾਹ ਸੀ ਇੰਨ੍ਹਾਂ ਤਾਂ ਰਾਜ ਕਰਨਾ ਸੀ।2013 ਵਿੱਚ ਭਾਈ ਗੁਰਬਖਸ਼ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਜੱਦੋਜਹਿਦ ਆਰੰਭ ਕੀਤੀ ਅਤੇ ਆਪਣੇ ਆਖਰੀ ਸਵਾਸਾਂ ਤੱਕ ਡਟਿਆ ਰਿਹਾ ਅਤੇ ਭਾਈ ਸੂਰਤ ਸਿੰਘ ਦਾ ਸੰਘਰਸ਼ ਅੱਜ ਵੀ ਜਾਰੀ ਹੈ , ਬਾਦਲੀ ਲਾਣਾਂ ਉਨ੍ਹਾਂ ਦੇ ਸੰਘਰਸ਼ ਨੂੰ ਮਖੌਲ ਕਰਦਾ ਰਿਹਾ , ਅੱਜ ਇਨ੍ਹਾਂ ਨੂੰ ਬੰਦੀ ਸਿੰਘਾਂ ਦੇ ਮੁੱਦੇ ਤੇ ਪੰਥ ਕਿਓਂ ਵੋਟਾਂ ਪਾਵੇ ? ਥਾਂ ਥਾਂ ਸਿੱਖ ਬੱਚਿਆਂ ਦੇ ਕਕਾਰ ਉੱਤਰਵਾਏ ਗਏ ਇਨ੍ਹਾਂ ਮੌਣ ਧਾਰੀ ਰੱਖੀ ਕਿਓਂਕਿ ਇਹ ਤਾਂ ਵਿਕਾਸ ਦੇ ਮੁੱਦੇ ਤੇ ਜਿੱਤ ਕੇ ਆਏ ਸੀ ।ਇਨ੍ਹਾਂ ਨੂੰ ਕੀ ਲੋੜ ਸੀ ਪੰਥ ਦੀ ਇਨ੍ਹਾਂ ਨੇ ਤਾਂ ਡੇਰੇਦਾਰਾਂ ਨਾਲ ਸਾਂਝ ਪਾ ਕੇ ਪੰਥ ਵੱਲ ਪਿੱਠ ਕਰ ਲਈ ਸੀ।ਬਾਦਲਾਂ ਦੀ ਪੰਥਪ੍ਰਤੀ ਬੇਮੁੱਖਤਾ ਦਾ ਫਾਇਦਾ ਆਮ ਆਦਮੀ ਪਾਰਟੀ ਨੂੰ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਮਿਲਿਆ , ਕਾਂਗਰਸ ਵੱਲ ਪੰਥ ਜਾ ਨਹੀਂ ਸਕਦਾ ਸੀ ਉਨ੍ਹਾਂ ਆਮ ਆਦਮੀ ਪਾਰਟੀ ਦੇ ਚਾਰਿਫ ਜਿੱਤਾ ਕੇ ਅਤੇ ਬਾਦਲਾਂ ਦੀ ਸਫ਼ ਵਲ੍ਹੇਟ ਕੇ ਪੰਥਕ ਸ਼ਕਤੀ ਦਿਖਾ ਦਿੱਤੀ । ਇਨ੍ਹਾਂ ਫਿਰ ਵੀ ਆਪਣੀਆਂ ਨੀਤੀਆਂ ਨਾ ਬਦਲੀਆਂ ।ਜੂਨ 2015 ਵਿੱਚ ਬੁਰਜ ਜਵਾਹਰ ਸਿੰਘ ਵਾਲਾ, ਬੇਹਬਲ ਅਤੇ ਬਰਗਾੜੀ ਦੀਆਂ ਦੁਖਦ ਘਟਨਾਵਾਂ ਵਾਪਰੀਆਂ , ਇਨ੍ਹਾਂ ਦੇ ਰਾਜ ਵਿੱਚ ਦੋਸ਼ੀ ਤਾਂ ਕੀ ਫੜੇ ਜਾਣੇ ਸਨ ਸਗੋਂ ਇਹ ਪਾਵਨ ਸਰੂਪ ਚੋਰੀ ਕਰਨ ਅਤੇ ਇਸ਼ਤਿਆਰ ਲਾ ਕੇ ਕੌਮ ਨੂੰ ਵੰਗਾਰਨ ਵਾਲਿਆਂ ਨੂੰ ਬਚਾਉਂਦੇ ਰਹੇ ਕਿਓਂਕਿ ਉਨ੍ਹਾਂ ਦੀਆਂ ਪੈੜ੍ਹਾਂ ਇਨ੍ਹਾਂ ਦੇ ਮਿੱਤਰ ਦੇ ਡੇਰੇ ਵੱਲ ਨੂੰ ਜਾਂਦੀਆਂ ਸਨ । ਜਿਸ ਨੂੰ ਬਚਾਉਣ ਲਈ ਇਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਦਿਆਂ ਉਸ ਨੂੰ 24 ਸਤੰਬਰ 2015 ਨੂੰ ਅਖੌਤੀ ਮੁਆਫੀ ਦੁਆਉਣ ਦਾ ਨਾਟਕ ਰਚਿਆ । ਪੰਥ ਕਿੱਥੇ ਚੇਤੇ ਸੀ ਇਨ੍ਹਾਂ ਨੂੰ?



12 ਅਕਤੂਬਰ 2015 ਨੂੰ ਗੁਰਬਾਣੀ ਦੀ ਬੇਅਦਵੀ ਕੀਤੀ ਗਈ , ਰੋਹ ਵਿੱਚ ਪੰਥ ਇਨਸਾਫ ਲੈਣ ਲਈ ਸੜਕਾਂ ਤੇ ਆ ਗਿਆ ,ਇਨਸਾਫ ਦੇਣ ਦੀ ਵਜਾਏ ਇਹ ਪੰਥ ਨੂੰ ਵੇਹਲੜ੍ਹ ਆਖ ਆਖ ਟਿੱਚਰਾਂ ਕਰਦੇ ਰਹੇ ।14 ਅਕਤੂਬਰ ਨੂੰ ਇਨ੍ਹਾਂ ਦੀ ਪੁਲਿਸ ਨੇ ਸ਼ਾਂਤਮਈ ਧਰਨਾਂ ਦੇ ਰਹੇ ਗੁਰੂ ਪਿਆਰਿਆਂ ਤੇ ਅੰਧਾਧੁੰਦ ਗੋਲੀ ਚਲਾ ਕੇ ਦੋ ਸਿੰਘ ਸ਼ਹੀਦ ਅਤੇ ਸੈਕੜੇ ਹੋਰ ਜ਼ਖਮੀ ਕਰ ਦਿੱਤੇ ,ਇਨ੍ਹਾਂ ਦੀਆਂ ਅੱਖਾਂ ਖੋਲਣ ਲਈ ਮੈਂ ਅਕਾਲੀਦਲ ਦੀ ਮੁਢਲੀ ਮੈਂਬਰਸ਼ਿਪ ਅਤੇ ਅਹੁੱਦਿਆਂ ਤੋਂ ਅਸਤੀਫਾ 16 ਅਕਤੂਬਰ ਨੂੰ ਦੇ ਦਿੱਤਾ ,ਕੁੱਝ ਹੋਰ ਪੰਥ ਦਰਦੀ ਵੀਰਾਂ ਨੇ ਵੀ ਅਸਤੀਫੇ ਦਿੱਤੇ ਪਰੰਤੂ ਇਨ੍ਹਾਂ ਨੂੰ ਤਾਂ ਕੇਵਲ ਰਾਜ ਹੀ ਚਾਹੀਦਾ ਸੀ ਪੰਥ ਤੋਂ ਇਨ੍ਹਾਂ ਕੀ ਲੈਣਾ ਸੀ?

ਇੰਨਾਂ ਸਭ ਕੁੱਝ ਬੀਤਣ ਤੋਂ ਬਾਅਦ ਵੀ ਇਨ੍ਹਾਂ ਦਾ ਇੱਕਿਫ ਪਾਰਲੀਮੈਂਟ ਵਿੱਚ ਚੀਕਾਂ ਮਾਰ ਰਿਹਾ ਸੀ “ ਕਿ ਰੋਸ ਪ੍ਰਗਟਾਉਂਦੇ ਸਿੱਖਾਂ ਨੂੰ ਰਾਜ ਸਰਕਾਰ ਨੇ ਪੀਣ ਵਾਲੇ ਪਾਣੀ ਅਤੇ ਪਖਾਨਿਆਂ ਦੀ ਸਹੂਲਤ ਕਿਓਂ ਦਿੱਤੀ ਹੈ ?

ਇਹਨਾਂ ਨੂੰ ਜਗਾਉਣ ਲਈ ਸ਼ਿਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਆਪਣੀਆਂ ਨੌਕਰੀਆਂ ਦੀ ਪ੍ਰਵਾਹ ਕੀਤੇ ਵਗੈਰ ਸੜਕਾਂ ਤੇ ਨਿੱਕਲ ਕੇ ਰੋਸ ਮੁਜ਼ਾਹਰਾ ਕੀਤਾ , ਮੰਜੀ ਸਾਹਿਬ ਵਿਖੇ ਮੁਲਾਜ਼ਮਾਂ ਵਲੋਂ ਪਸ਼ਚਾਤਾਪ ਸਮਾਗਮ ਦੌਰਾਨ ਤੁਹਾਡੇ ਜਥੇਦਾਰ ਨੂੰ ਧੱਕੇ ਮਾਰ ਕੇ ਬਾਹਰ ਕੱਢਿਆ, ਪਰ ਇਹ ਨਾਂ ਜਾਗੇ ।ਇਨ੍ਹਾਂ ਤੋਂ ਅੱਕ ਕੇ 10 ਨਬੰਬਰ 2015 ਨੂੰ ਖਾਲਸਾ ਪੰਥ ਨੇ ਚੱਬੇ ਦੀ ਧਰਤੀ ਤੇ ਪੰਥਕ ਇੱਕਠ ਬੁਲਾਇਆ ਜਿਸ ਵਿੱਚ ਇਨ੍ਹਾਂ ਦੇ ਬਾਈਕਾਟ ਦਾ ਮਤਾ ਕੀਤਾ ਗਿਆ ਅਤੇ ਮੁਤਵਾਜ਼ੀ ਜਥੇਦਾਰ ਨਿਯੁਕਤ ਕਰ ਦਿੱਤੇ ਗਏ ਪਰ ਇੰਨ੍ਹਾਂ ਦੀ ਅੱਖ ਨਾਂ ਖੁੱਲੀ ।2017 ਵਿੱਚ ਇਨ੍ਹਾਂ ਤੋਂ ਅੱਕੇ ਪੰਥ ਨੇ ਕੈਪਟਨ ਦੀ ਸਰਕਾਰ ਬਣਾ ਕੇ ਇਨ੍ਹਾਂ ਨੂੰ ਜਗਾਉਣ ਦਾ ਯਤਨ ਕੀਤਾ ਪਰ ਇਹ ਨਾਂ







ਜਾਗੇ।2019 ਦੀ ਲੋਕ ਸਭਾ ਚੋਣ ਸਮੇ ਪੰਥ ਨੇ ਫਿਰ ਇਨ੍ਹਾਂ ਦੀਆਂ ਅੱਖਾਂ ਖੋਲ੍ਹਣੀਆਂ ਚਾਹੀਆਂ ਪਰ ਕੁੰਭਕਰਨੀ ਨੀਂਦ ਕਿੱਥੇ ਖੁੱਲਦੀ ਆ , 2022 ਵਿੱਚ ਇਹਨਾਂ ਨੂੰ ਸਿਰਫ ਤਿੰਨ ਸੀਟਾਂ ਮਿਲੀਆਂ, ਵੱਡੇ ਬਾਦਲ ਅਤੇ ਛੋਟੇ ਬਾਦਲ ਵੀ ਹਾਰ ਗਏ,ਪਰਿਵਾਰ ਦੇ ਦੂਜੇ ਜੀਅ ਅਤੇ ਚਾਪਲੂਸ ਮੰਡਲੀ ਵੀ ਹਾਰ ਗਈ ਫਿਰ ਆਇਆ ਪੰਥ ਚੇਤੇ , ਸੰਗਰੂਰ ਦੀ ਜਿਮਨੀ ਚੋਣ ਵਿੱਚ ਬੰਦੀ ਸਿੰਘ ਚੇਤੇ ਆ ਗਏ ਇਸ ਵੇਲੇ ਤੱਕ ਵੇਲਾ ਲੰਘ ਚੁੱਕਾ ਸੀ ਹੁਣ ਪੰਥ ਇਹਨਾਂ ਨੂੰ ਹੋਰ ਮੌਕਾ ਨਹੀਂ ਦੇਣਾ ਚਾਹੁੰਦਾ ਸੀ ਕਿਉਂਕਿ ਪੰਥ ਇਨ੍ਹਾਂ ਨੂੰ ਵਾਰ ਵਾਰ ਮੌਕੇ ਦੇ ਚੁੱਕਿਆ ਸੀ।ਪੰਥ ਦੀ ਨੌਜਵਾਨੀ ਨੇ ਅੰਗੜਾਈ ਲਈ, ਆਪਣੇ ਫਰਜ਼ ਪਛਾਣੇ ਅਤੇ ਸ੍ਰ. ਸਿਮਰਨਜੀਤ ਸਿੰਘ ਮਾਨ ਪਿੱਛੇ ਚਟਾਨ ਵਾਂਗ ਡੱਟ ਗਏ , ਇਨ੍ਹਾਂ ਦੇ ਹਰ ਪਖੰਡ ਦਾ ਪਰਦਾਫਾਸ਼ ਕਰਦਿਆਂ ਪੰਥ ਨੇ ਸ. ਸਿਮਰਨਜੀਤ ਸਿੰਘ ਮਾਨ ਦੀ ਝੋਲੀ ਜਿੱਤ ਪਾ ਦਿੱਤੀ ।ਹੁਣ ਕੁੱਝ ਬਾਦਲ ਦਲੀਏ ਇਨ੍ਹਾਂ ਤੋਂ ਅਸਤੀਫੇ ਮੰਗ ਰਹੇ ਹਨ ਹੁਣ ਅਸਤੀਫੇ ਲੈ ਕੇ ਕੀ ਕਰੋਗੇ? ਹੁਣ ਇਹਨਾਂ ਨੂੰ ਆਪਣੇ ਕਾਰੋਵਾਰਾਂ ਵੱਲ ਧਿਆਨ ਦੇਣ ਦਿਓ, ਪਸ਼ਚਾਤਾਪ ਕਰਨ ਦਿਓ ।ਪੰਥ ਪ੍ਰਸਤ ਅਤੇ ਪੰਜਾਬ ਪ੍ਰਸਤ ਨੌਜਵਾਨੀ ਨੂੰ ਅੱਗੇ ਲਾ ਕੇ ਨਵੀਆਂ ਸੰਭਾਵਨਾਵਾਂ ਨੂੰ ਮੌਕਾ ਦਿਓ ਤਾਂਕਿ ਪੰਜਾਬ ਅਤੇ ਪੰਥਪ੍ਰਸਤ ਮਿਲ ਕੇ ਕੌਮੀ ਪਹਿਰੇਦਾਰੀ ਦੀ ਸੇਵਾ ਨਿਭਾ ਸਕਣ।-ਸਰਬਤ ਦਾ ਭਲਾ

**ਗੁਰੂ ਪੰਥ ਦਾ ਦਾਸ**
**ਸੁਖਦੇਵ ਸਿੰਘ ਭੌਰ**

# ਪਾਣੀ ਸੰਕਟ:ਪਾਣੀ ਦੇ ਇਕ ਘੜੇ ਲਈ ਜ਼ਿੰਦਗੀ ਦਾਅ ਤੇ ਲਾ ਰਹੀਆਂ ਔਰਤਾਂ

ਪੂਨੇ:ਭਾਰਤ ਵਿੱਚ ਪਾਣੀ ਦੀ ਵੱਡੀ ਕਮੀ ਨੂੰ ਦਰਸਾਉਂਦੀਆਂ ਇਹ ਤਸਵੀਰਾਂ ਬਹੁਤ ਡਰਾਉਣੀਆਂ ਹਨ। ਮਹਾਰਾਸ਼ਟਰ ਦੇ ਪਿੰਡ ਖਡੀਮਲ ਦੇ ਲੋਕ ਨੇ ਪਾਣੀ ਦੀ ਇੱਕ ਬਾਲਟੀ ਭਰਨ ਲਈ ਆਪਣੀ ਜਾਨ ਦਾਅ ‘ਤੇ ਲਗਾ ਦਿੰਦੇ ਹਨ।ਅਜਿਹੀ ਸੈਂੜੇ ਪਿੰਡਾਂ ਕਹਾਣੀਆਂ ਹਨ।ਅਮਰਾਵਤੀ ਜ਼ਿਲ੍ਹੇ ਦੇ ਮੇਲਘਾਟ ਵਿੱਚ ਇਹ ਸਭ ਤੋਂ ਦੂਰ-ਦੁਰਾਡੇ ਵਾਲਾ ਖੇਤਰ ਹੈ।ਪਾਣੀ ਵਾਲਾ ਟੈਂਕਰ ਜਦੋਂ ਪਿੰਡ ਪਹੁੰਚਦਾ ਹੈ ਤਾਂ ਪਿੰਡਾਂ ਵਾਸੀ ਪਾਣੀ ਲਈ ਹੀ ਭੱਜਦੇ ਹਨ।ਪਾਣੀ ਨੂੰ ਟੈਂਕਰ ਵਾਲੇ ਇੱਕ ਖੂਹ ਵਿੱਚ ਢੇਰੀ ਕਰ ਦਿੰਦੇ ਹਨ ਇੱਕ ਘੰਟੇ ਤੋਂ ਘੱਟ ਸਮੇਂ ਵਿੱਚ ਖੂਹ ਖਾਲੀ ਹੋ ਜਾਂਦਾ ਹੈ।ਲੋਕਾ ਦਾ ਕਹਿਣਾ ਹੈ ਕਿ ਖੂਹ ਵਿੱਚ ਪਾਣੀ ਪਾਉਂਣ ਕਾਰਣ ਪਾਣੀ ਦੂਸ਼ਿਤ ਹੋ ਜਾਂਦਾ ਹੈ ਜਿਸ ਕਾਰਨ ਪਿੰਡ ਵਾਸੀਆਂ ਦੀ ਜਾਨ ਖਤਰੇ ‘ਚ ਹੈ।ਭਾਰਤ ਦੇ ਬਹੁਤੇ ਪਿੰਡ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਪਿਆਸੇ ਹਨ। ਇਨਾ ਪਿੰਡਾਂ ਦੀ ਹਰ ਔਰਤ ਪਾਣੀ ਦੀ ਘਾਟ ਕਾਰਨ ਬੜੀ ਔਖੀ ਜ਼ਿੰਦਗੀ ਲੰਘਾ ਰਹੀ ਹੈ।


freshpoint

**NOW HIRING**

**HIRING FULL TIME DRIVERS AND WAREHOUSE WORKERS in Vancouver and Richmond!**

**Day and night shifts are available.**

**FreshPoint Vancouver – Fresh Produce Distributor and Processor.**

We offer **comprehensive compensation, benefits (extended health and dental, company pension),** and **career advancement opportunities.**

**Opportunities:**
- ***Class 3, 5 Ton (with air brakes) and Van Delivery Drivers**
- ***Food Production Worker** (AM and PM shift)
- ***Warehouse Shippers/ Receivers** (Day and Night shift)

Visit us at **www.freshpointcanada.com/careers** for all vacancies!

**Interested candidates, please contact us at 604-258-7621**

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
*By Appointment Only*
#202-12677-80AVE SURREY

H.M.S. Accounting & Tax Services Ltd.
hmsaccounting@gmail.com



Over 35 Yrs Experience
Expert in Quickbook Training

WCB, PST, GST, Personal & Corporate Taxes & Registration of sole proprietorship and new corporate companies

ਹੇਠ ਲਿਖੇ ਕਿਸੇ ਵੀ ਤਰਾਂ ਦੇ ਫਾਰਮ ਭਰਨੇ:

Contact us for Resume Making, EI Internet filing, Passport Applications, PR cards and all other type of applications.

ਅਸੀਂ ਪਰਨਸਲ ਅਤੇ ਬਿਜਨੈਸ ਟੈਕਸ ਰਿਟਰਨ ਈ-ਫਾਈਲ ਕਰਦੇ ਹਾਂ

Personal Tax e-filing for just $25

Call Manvir Singh
604-360-7241
#106-12414-82 Ave Surrey

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


# ਅਕਾਲੀ ਦਲ ਦਾ ਪੁਨਰਗਠਨ, ਚਿੰਤਾ ਅਤੇ ਭਵਿੱਖ

ਸ਼ੌਮਣੀ ਅਕਾਲੀ ਦਲ ਦੇ ਪੂਰਨਗਠਨ ਦੀ ਚਰਚਾ ਸ਼ੁਰੂ ਹੋ ਗਈ ਹੈ। ਸਿੱਖਾਂ ਵਿੱਚ ਸੰਭਾਵਿਤ ਖਤਰਿਆਂ ਨੂੰ ਲੈ ਕੇ ਵੱਡੀ ਚਿੰਤਾਂ ਬਣੀ ਹੋਈ ਹੈ। ਆਰ ਐਸ ਐਸ ਵੱਲੋ ਪਾਏ ਜਾਲ ਨਾਲ ਮੋਦੀ, ਸ਼ਾਹ ਦੀ ਜੋੜੀ ਨੇ ਜਿਸ ਤਾਰੀਕੇ ਨਾਲ ਸਿੱਖਾਂ ਦੇ ਰਾਜਨੀਤਕ ਰਾਹ ਨੂੰ ਥੜਕਾਉਣ ਅਤੇ ਸਿਆਸੀ ਰੀੜ ਹੱਡੀ ਸ਼ੌਮਣੀ ਅਕਾਲੀ ਦਲ ਨੂੰ ਸੱਨ ਲਾਈ ਹੈ। ਉਹ ਬਾਦਲ ਪ੍ਰੀਵਾਰ ਲਈ ਤਾਂ ਘਾਤਕ ਸਾਬਤ ਹੋਈ ਪਰ ਜਿਆਦਾ ਨੁਕਸਾਨ ਉਹ ਸਿੱਖਾਂ ਦਾ ਕਰ ਰਹੀ ਹੈ। ਪੰਥਕ ਹਲਕਿਆਂ ਵਿੱਚ ਬਾਦਲਾਂ ਦਾ ਸ਼ੋਮਣੀ ਅਕਾਲੀ ਦਲ ਤੋ ਪੰਜਾਬ ਸਮੇਤ ਹਰਿਆਣਾ, ਦਿੱਲੀ ਵਿੱਚੋ ਮੁਕੰਮਲ ਸਫਾਏ ਨਾਲ ਇਕ ਦੋਗਲੀ ਅਤੇ ਸਿੱਖ ਵਿਰੋਧੀ ਨੀਤੀ ਦੇ ਸਫਾਏ ਨੇ ਇਕ ਢਾਰਸ ਦਿੱਤੀ ਪਰ ਫਿਕਰਮੰਦੀ ਦਾ ਦਰਵਾਜ਼ਾ ਵੀ ਖੜਕਿਆ ਹੈ। ਰਾਜਨੀਤਕ ਤੌਰ ਤੇ ਅਕਾਲੀ ਦਲ ਸਿੱਖਾਂ ਦਾ ਨੁਮਾਇਦਾ ਸਵਿਧਾਨਿਕ ਚੋਣ ਢਾਂਚਾ ਹੈ। ਜਿਸ ਦੀ ਰਹਿਨੁਮਾਈ ਹੇਠ ਰਾਜਨੀਤਕ ਗਠਨ ਕਰਕੇ ਕੌਮ ਪ੍ਰੀ ਸੇਵਾਵਾਂ ਨੂੰ ਲਾਗੂ ਕੀਤਾ ਜਾਦਾਂ ਹੈ। ਕਾਂਗਰਸ (1885) ਤੋ ਬਾਅਦ ਭਾਰਤ ਦੀ ਦੂਜੀ ਪੁਰਾਣੀ ਪਾਰਟੀ ਸ਼ੌਮਣੀ ਅਕਾਲੀ ਦਲ (1920) ਹੈ। ਇਸ ਪਾਰਟੀ ਨੇ ਕੇਵਲ ਸਿੱਖਾਂ ਜਾਂ ਪੰਜਾਬ ਦੀ ਲੜਾਈ ਹੀ ਨਹੀ ਲੜੀ ਸਗੋ 1947 ਤੋ ਪਹਿਲਾਂ ਬਹੁਤ ਵੱਡੀਆਂ ਸੇਵਾਵਾਂ ਦੇ ਕੇ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਖੂੰਨ ਡੋਲ ਕੇ ਆਪਣਾ ਇਤਿਹਾਸ ਸਿਰਜਿਆ ਹੈ। ਅਜ਼ਾਦੀ ਤੋ ਬਾਅਦ ਵਾਲੇ ਭਾਰਤ ਵਿੱਚ ਦੇਸ਼ ਦੀ ਦਿਸ਼ਾ ਸੁਧਾਰਨ ਵਿੱਚ ਆਪਣੇ ਹੱਕਾ ਦੀ ਲੜਾਈ ਲੜਦਾ ਰਿਹਾ ਹੈ। ਸ਼ੌਮਣੀ ਅਕਾਲੀ ਦਲ ਦੀ ਪਹਿਲੀ ਸ਼ਤਾਬਤੀ ( 2020 ) ਆਉਦੇ ਤੱਕ ਅਕਾਲੀ ਦਲ ਦੇ ਡਿੱਗੇ ਮਿਆਰ ਨੂੰ ਸਹਿਣਾ ਸਿੱਖਾਂ ਲਈ ਅਸਿਹ ਅਤੇ ਅਕਿਹ ਹੋ ਗਿਆ ਹੈ। ਪੰਜਾਬ ਲਈ ਅਕਾਲੀ ਦਲ ਦਾ ਕੰਮ ਕੇਵਲ ਸਿਆਸਤ ਕਰਨਾ ਨਹੀ ਸਗੋਂ ਗੁਰੂਆਂ ਦੇ ਵਰਸੋਏ ਗੁਰੂਬਾਣੀ ਅਧਾਰਿਤ ਸਿੱਖੀ ਸਿਧਾਤਾਂ ਨੂੰ ਰਾਜਨੀਤਕ ਪਲੇਟਫਾਰਮ ਰਾਹੀ ਮਨੁੱਖਤਾ ਦੀ ਭਲਾਈ ਅਤੇ ਅਗਵਾਈ ਕਰਨਾ ਹੈ ਪਰ ਇਥੇ ਇੱਕ ਪ੍ਰੀਵਾਰ ਦੀ ਵਧੀ ਲਾਲਸਾ ਨੇ ਕੌਮ ਦਾ ਸਰਮਾਇਆ, ਰਾਜਨੀਤੀ ਦੀ ਪੁਖਤਾ ਅਗਵਾਈ ਕਰਦੀ ਪਾਰਟੀ ਨੂੰ ਜੱਦੀ ਜ਼ਗੀਰ ਬਣਾ ਕੇ ਕੀਤੇ ਘਾਤਕ ਫੈਸਲਿਆਂ ਨੇ ਕੌਮ ਨੂੰ ਚੋਰਾਹੇ ਵਿੱਚ ਖੜੇ ਕਰ ਦਿਤਾ ਹੈ। ਅੱਜ ਇਸ ਪ੍ਰੀਵਾਰ ਦਾ ਪਾਰਟੀ ਉਪਰੋ ਖਤਮ ਹੋਣ ਦੇ ਸੰਕੇਤ ਉਭਰੇ ਹਨ। ਵਿਆਕਤੀਗਤ ਫੈਸਲੇ, ਲਾਲਚਾਂ, ਸਿਆਸੀ ਤਾਕਤ ਦਾ ਕੇਂਦਰੀਕਰਣ, ਪਤਿੱਤਪੁਣੇ ਦੇ ਹਾਵੀ ਹੋਣ ਨਾਲ ਪੰਜਾਬ ਵਿੱਚੋ ਰਾਜਨੀਤਕ ਸਫਰ ਬਿਲਕੁਲ ਖਤਮ ਹੋਣ ਦੇ ਕੰਢੇ ਹੈ। " ਹੱਥਾਂ ਨਾਲ ਦਿੱਤੀਆਂ ਗੰਢਾਂ ਦੇ ਮੂੰਹ ਨਾਲ ਖੁਲਣ ਦੇ ਆਸਾਰ ਵੀ ਬਚੇ ਨਜ਼ਰ ਨਹੀ ਆ ਰਹੇ "। ਬਿਪਰ ਸੋਚ ਦੇ ਹੱਥ ਟੋਕੇ ਬਣ ਸ਼ੋਮਣੀ ਅਕਾਲੀ ਦਲ ਦੇ ਸਿਧਾਂਤਾਂ ਨੂੰ ਕਾਬਜ਼ ਲੋਕਾਂ ਨੇ ਮਿੱਠੇ ਜ਼ਹਿਰ ( ਸਲੋਾ ਪੋਸਿੰਨ ) ਦਾ ਟੀਕਾ ਲਾਇਆ ਹੈ। ਜੋ ਇਹ ਸੱਭ ਕਾਰਨ ਇਸ ਦੇ ਪੱਤਨ ਦਾ ਕਾਰਨ ਬਣੇ। ਬੀਜੇਪੀ ਉਹ ਮਨੂੰ ਸੋਚ ਹੈ ਜਿਸ ਨੂੰ ਗੁਰੂ ਸਹਿਬਾਨ ਨੇ ਮਨੁੱਖਤਾ ਅਤੇ ਧਰਮ ਦੇ ਪੂਰਨਪੱਖੀ ਨਾ ਹੋਣ ਕਰਕੇ ਦਲੀਲਾਂ ਅਤੇ ਤਰਕਾਂ ਨਾਲ ਖੰਡਨ ਕੀਤਾ।ਅਜੋਕੇ ਅਕਾਲੀ ਦਲ ਬਾਦਲ

ਦਾ ਦੂਜੀਆਂ ਕੌਮਾਂ ਨਾਲ ਨੂੰਹ ਮਾਸ ਦਾ ਰਿਸ਼ਤਾ ਦੱਸਣਾ ਆਪਣੇ ਧਰਮ ਦੀਆਂ ਮਰਿਆਦਾਵਾਂ, ਸਿਧਾਂਤ, ਪ੍ਰੰਪਰਾਵਾਂ ਨੂੰ ਢਾਹ ਲਾਉਦਾ ਹੈ। ਸੱਭ ਧਰਮਾਂ, ਜਾਤਾਂ, ਵਰਗਾਂ ਲਈ ਸਤਿਕਾਰਯੋਗ ਭਾਵਨਾ ਦਾ ਬਣੇ ਰਹਿਣਾ ਜਰੂਰੀ ਹੈ। ਗੁਰੂ ਪਾਤਿਸ਼ਾਹ ਨੇ ਸੱਭ ਕੌਮਾਂ ਨੂੰ ਮਨੁੱਖਤਾ ਪੱਖੀ ਜੀਵਨ ਬਸਰ ਕਰਨ ਦੀਆਂ ਸਿਖਿਆਵਾਂ ਨੂੰ ਮਹੱਤਤਾ ਦਿੱਤੀ। ਜੇ ਲੋੜ ਪਈ ਤਾਂ ਜਾਨ ਵੀ ਨਿਛਾਵਰ ਕੀਤੀ। ਪਰ ਆਪਣੇ ਸਿਧਾਤਾਂ ਨਾਲ ਖਿਲਵਾੜ ਬਰਦਾਸ਼ਤ ਯੋਗ ਨਹੀ। ਪੰਥ ਵਿਰੋਧੀ ਸਿਆਸੀ ਜਮਾਤਾਂ ਅਤੇ ਧਾਰਮਿਕ ਡੇਰਿਆਂ ਨਾਲ ਸਮਝੋਤੇ ਸਿਧਾਂਤਹੀਨ ਸਨ। ਉਲਟੀ ਗੰਗਾਂ ਦੇ ਵਿਹਾਣ ਦੇ ਸਮਾਂਨਤਰ ਸਨ।

1972 ਵਿੱਚ ਐਸੰਬਲੀ ਚੋਣਾ ਵਿੱਚ ਅਕਾਲੀ ਦਲ ਦੀ ਵੱਡੀ ਨਿਮੋਸ਼ੀਪੂਰਨ ਹਾਰ ਤੋ ਬਾਅਦ ਇਹ ਦੂਜੀ ਵਾਰੀ 2022 ਵਿੱਚ ਪੂਰੇ 50 ਸਾਲਾਂ ਵਿੱਚ ਉਹਨਾਂ ਹਾਲਾਤਾਂ ਵਿੱਚ ਪਹੁੰਚ ਗਈ ਹੈ ਜਿਹੜੀ ਕਦੇ ਵੀ ਸਿੱਖਾਂ ਦੇ ਇਤਿਹਾਸ ਵਿੱਚ ਨਹੀ ਵਾਪਰਨੀ ਚਾਹਿਦੀ ਸੀ। ਸਿਧਾਂਤਿਕ ਸੋਚ ਦੇ ਪ੍ਰਥਾਏ ਅੱਧੀ ਸਦੀ ਬਾਅਦ ਪਾਰਟੀ ਦੇ ਰਾਜਸੀ ਅਧਾਰ ਨੂੰ ਇੰਨੇ ਨੀਵੇ ਪੱਧਰ ਤੇ ਵੇਖਿਆ ਜਾ ਰਿਹਾ ਹੈ। ਬਾਦਲ ਪ੍ਰੀਵਾਰ ਪੰਜਾਬ ਪੱਖੀ ਹੇਜ਼ ਦਾ ਰੰਗ ਗੂੜਾ ਕਰਕੇ ਸਿੱਖ ਜ਼ਜਬਾਤਾਂ ਨਾਲ ਖਿਲਵਾੜ ਤੋ ਵੱਧ ਕੁਝ ਨਾ ਕਰ ਸਕੇ। 1972 ਵਿੱਚ ਉਸ ਵੇਲੇ ਅਕਾਲੀ ਦਲ ਦੇ ਨਵੇ ਪੂਰਨਗਠਨ ਲਈ ਸਿੱਖਾਂ ਨੂੰ ਇਕੱਠੇ ਕਰਕੇ ਵਕਤੀ ਨੌਜਵਾਨੀ ਦੀ ਅਗਵਾਈ ਕਰਦੇ ਆਗੂ ਗੁਰਚਰਨ ਸਿੰਘ ਟੋਹੜਾ ਦੀ ਰਹਿਨੁਮਾਈ ਹੇਠ ਸੰਤ ਫਤਿਹ ਸਿੰਘ ਨੂੰ ਹਾਰ ਦਾ ਦੋਸ਼ੀ ਮੰਨਦੇ ਪ੍ਧਾਨਗੀ ਤੋ ਲਾਹ ਕੇ ਨਵੀ ਲੀਡਰਸਿੱਪ ਨੂੰ ਉਭਾਰਿਆ। ਭਾਵੇ ਕਿ ਬਾਅਦ ਵਿੱਚ ਟੋਹੜਾ ਸਾਬ ਦੀਆਂ ਪੰਥਕ ਲੀਹਾਂ ਵੀ ਕੋਈ ਕੌਮੀ ਤਰਾਨੇ ਨਾ ਗਾ ਸਕੀਆਂ। ਸਿੱਖ ਧਰਮ ਦੀ ਰਹਿਨੁਮਾਈ ਹੇਠ ਚਲਣ ਵਾਲੀ ਸਿਆਸੀ ਪਾਰਟੀ ਅਕਾਲੀ ਦਲ, ਭਾਰਤ ਦੀ 1947 ਵਿੱਚ ਨਵੀਨ ਸਿਰਜ਼ਨਾ ਤੋ ਪਹਿਲਾਂ ਬ੍ਰਿਸ਼ ਭਾਰਤ ਵਿੱਚ ਆਪਣੀ ਹੋਂਦ ਅਤੇ ਸਪੱਸ਼ਤਾ ਦਾ ਲੋਹਾ ਮੰਨਵਾ ਚੁੱਕੀ ਸੀ। ਜਿਸ ਦਾ ਮਕਸਦ ਸਿੱਖ ਮੁੱਦਿਆਂ ਨੂੰ ਸਿਆਸੀ ਅਵਾਜ਼ ਦੇਣਾ ਸੀ। ਇਸ ਦੇ ਪ੍ਭਾਵੀ ਸਿਧਾਂਤ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਲੈ ਕੇ ਚਲਣਾ ਸੀ। ਆਜ਼ਾਦੀ ਵੇਲੇ ਸਿੱਖਾਂ ਨੇ ਵੱਖਰਾ ਦੇਸ਼ ਨਾ ਲੈ ਕੇ ਆਪਣੀ ਗਲਤੀ ਦਾ ਅਹਿਸਾਸ ਮਹਿਸੂਸ ਕਰਕੇ ਪੰਜਾਬ ਦੇ ਹੱਕਾ ਲਈ ਵੱਡੀਆਂ ਲੜਾਈਆਂ ਜਰੂਰ ਲੜਦੇ ਰਹੇ। ਪਰ ਇਹ ਕਦੇ ਵੀ ਨਹੀ ਸੋਚਿਆ ਜਾ ਸਕਦਾ ਸੀ ਕਿ ਅਸੀ ਪੰਜਾਬ ਦੇ ਬੂਨਿਆਦੀ ਹੱਕਾਂ ਲਈ ਕਿਸੇ ਕੇਂਦਰੀ ਪਾਰਟੀ ਬੀਜੇਪੀ ਜਾਂ ਕਾਂਗਰਸ ਨੂੰ ਬਿਨਾ ਸ਼ਰਤ ਸਿਆਸੀ ਹਿਮਾਇਤ ਦਈਏ। ਹਰ ਵੇਲੇ ਧਰਮ ਜਾਂ ਰਾਜਨੀਤੀ ਨੂੰ ਮਹਿਫੂਜ਼ ਕਰਨ ਲਈ ਸਿਧਾਤਿਕ ਸੋਚ ਅਨੁਸਾਰ ਹੀ ਫੈਸਲੇ ਲੈਣੇ, ਹੋਂਦ ਦੀ ਸਪੱਸ਼ਤਾ ਨੂੰ ਦਰਸਾਉਦਾ ਹੈ।

ਅਸੀ ਇਸ ਦੀ ਮਿਸਾਲ ਪੱਛਮੀ ਬੰਗਾਲ ਦੀ ਤਿਰਮੂਲ ਕਾਂਗਰਸ ਦੀ ਮੁੱਖੀ ਮਮਤਾ ਬੈਨਰਜ਼ੀ ਤੋ ਸਿੱਖ ਸਕਦੇ ਹਾਂ। ਆਪਣੇ ਪ੍ਦੇਸ਼ ਲਈ ਕਦੇ ਗਲਤ ਫ਼ੈਸਲੇ ਨਹੀ ਕੀਤੇ। ਕੇਂਦਰ ਦੀਆਂ ਨੈਸ਼ਨਲ ਪਾਰਟੀਆਂ ਨਾਲ ਉਸ ਦੇ ਸਮਝੋਤੇ ਕੇਵਲ ਬੰਗਾਲ ਦੀ ਬੇਹਤਰੀ, ਆਰਥਿਕਤਾ ਲਈ ਹੁੰਦੇ ਹਨ। ਉਹ ਕਦੇ ਕੇਂਦਰ ਦੀ ਧੋਂਸ ਨੂੰ ਪਰਵਾਨ ਨਹੀ ਕਰਦੀ। ਕਿਸੇ ਪਾਰਟੀ ਨਾਲ ਮਿਲ ਕੇ ਸਰਕਾਰ ਨਹੀ ਬਣਾਉਦੀ ਕਿਉ ਕਰਕੇ ਉਹ ਕੇਂਦਰੀ ਪਾਰਟੀਆ ਦੀਆਂ ਨੀਤੀਆਂ ਤੋ ਖਬਰਦਾਰ ਹੋ ਕੇ ਆਪਣੀ ਪਾਰਟੀ ਵਿੱਚ ਘੁਸਪੈਠ ਦੇ ਖਤਰੇ ਤੋ ਵਾਕਿਫ ਹੈ। ਬਾਦਲ ਪ੍ਰੀਵਾਰ ਦੀ ਗਲਤੀ ਦਰ ਗਲਤੀ ਵੀ ਇਥੇ ਇਹੀ ਹੈ ਕਿ ਬੀਜੇਪੀ ਉਪਰ ਅੰਨਾ ਵਿਸ਼ਵਾਸ ਅਤੇ ਲੰਮਾ ਸਮਾਂ ਮਿਲ ਕੇ ਰਾਜ ਕਰਨ ਦੀ ਸਿਆਸੀ ਲਾਲਸਾ ਨੇ ਪਾਰਟੀ ਦੀ ਅੰਦਰੂਨੀ ਤਾਕਤ ਘੱਟਦੀ ਘੱਟਦੀ ਖਤਮ ਹੋ ਗਈ। ਬੀਜੇਪੀ ਦੀ ਰਣਨੀਤੀ ਇਹੀ ਰਹੀ ਹੈ ਜਿਸ ਪਾਰਟੀ ਨਾਲ ਵੀ ਮਿਲ ਕੇ ਸਰਕਾਰਾਂ ਬਣਾਈਆਂ ਉਸ ਨੂੰ ਹੀ ਖਤਮ ਕੀਤਾ ਚਾਹੇ ਉਹ ਜੰਮੂ ਕਸ਼ਮੀਰ ਦੀ ਮਹਿਬੂਬਾ ਹੋਵੇ , ਬਿਹਾਰ ਦੇ ਨਿਤੀਸ਼ ਕੁਮਾਰ, ਬਾਦਲ ਪ੍ਰੀਵਾਰ ਦੀ ਮੋਦੀ ਸਰਕਾਰ ਨੂੰ ਅੱਖਾ ਬੰਦ ਕਰਕੇ ਹਿਮਾਇਤ ਕਰਨੀ ਮਹਿੰਗੀ ਪਈ ਹੈ। ਪੰਜਾਬ ਦੇ ਅਸਲ ਮੁੱਦਿਆ ਨੂੰ ਦਰਕਿਨਾਰ ਕਰਦਿਆਂ ਪ੍ਰੀਵਾਰ ਤੇ ਤਾਨਾਂਸ਼ਾਹੀ ਫੈਸਲਿਆਂ ਨਾਲ ਪਾਰਟੀ ਨੂੰ ਅੰਤਰਮੁੱਖੀ ਮੰਥਨ ਦੀ ਲੋੜ ਨੂੰ ਖਤਮ ਕਰਨ ਦਾ ਖਮਿਆਜ਼ਾ ਭੁਗਤਨਾ ਪੈ ਰਿਹਾ ਹੈ। ਰਿਸ਼ਵਤਖੋਰੀ, ਬੇਰੁਜ਼ਗਾਰੀ, ਗਰੀਬੀ, ਰੇਤ ਮਾਫੀਆ, ਨਸ਼ਾ ਮਾਫੀਆ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, ਸਿਰਸੇ ਵਾਲਾ ਰਾਮ ਰਹੀਮ ਦੇ ਮੁਆਫੀ ਵਰਗੇ ਫੈਸਲਿਆਂ ਨੇ ਪਾਰਟੀ ਨੂੰ ਪੁੱਠਾ ਗੈੜਾ ਦੇ ਦਿਤਾਂ। ਜੋ ਰਾਜਸੀ ਪੱਤਨ ਦਾ ਕਾਰਨ ਬਣੇ ਹਨ।




ਅਗਰ ਅੱਜ ਸ਼ੌਮਣੀ ਗੁਰੂਦੁਆਰਾ ਪ੍ਰਬੰਧਿਕ ਕਮੇਟੀ ਦੀਆਂ ਚੌਣਾਂ ਦਾ ਐਲਾਨ ਹੁੰਦਾ ਹੈ ਤਾਂ ਇਹਨਾ ਦੇ ਹੱਥੋ ਤਾਕਤ ਦਾ ਆਖਰੀ ਹਥਿਆਰ ਵੀ ਖਤਮ ਹੋ ਜਾਵੇਗਾ। ਹਰਿਆਣਾ ਵਿੱਚ ਪ੍ਬੰਧਕ ਕਮੇਟੀ ਵੀ ਅਸਿਧੇ ਤੌਰ ਤੇ ਬੀਜੇਪੀ ਦੇ ਗੋਡੇ ਹੇਠ ਹੈ ਬਾਬਾ ਬਲਜੀਤ ਸਿੰਘ ਦਾਦੂਵਾਲ ਆਏ ਦਿਨ ਬੀਜੇਪੀ ਦੇ ਗੁਣਗਾਨ ਕਰਦੇ ਨਜ਼ਰ ਆਉਦੇ ਹਨ। ਇਹਨਾਂ ਰਾਹੀ ਹਰਿਆਣਾ ਦੇ ਸਿੱਖਾਂ ਨੂੰ ਆਪਣੇ ਨਾਲ ਰਲਾਉਣ ਲਈ ਕੋਸਿਸ਼ਾਂ ਜਾਰੀ ਹਨ। ਦਿੱਲੀ ਵਿੱਚ ਵਰਤੀ ਤੌਰ ਤੇ ਗੁਰੂਦੁਆਰਾ ਪ੍ਬੰਧਕ ਕਮੇਟੀ ਵਿੱਚ ਸਿੱਖੀ ਦਾ ਪ੍ਬੰਧਕ ਵਜ਼ੂਦ ਖਤਮ ਹੋ ਗਿਆ ਹੈ। ਪੂਰੀ ਤਰਾਂ ਨਾਲ ਆਰ ਐਸ ਐਸ ਦਾ ਕਬਜ਼ਾ ਹੇਠ ਹੈ। ਅਜ਼ਾਦੀ ਤੋ ਬਾਅਦ ਅਕਾਲੀ ਦਲ ਨੇ ਜਿੰਨਾਂ ਮੁਦਿਆਂ ਉਪਰ ਲੜਾਈਆਂ ਲੜੀਆਂ, ਮੋਰਚੇ ਲਾਏ,ਜੇਲਾਂ ਕੱਟੀਆਂ, ਸ਼ਹੀਦ ਹੋਏ। ਉਹਨਾ ਸੱਭ ਨੂੰ ਸਿਆਸੀ ਲਾਭ ਪ੍ਾਪਤੀ ਲਈ ਦਰ ਕਿਨਾਰ ਕੀਤਾ।

ਪਾਣੀਆਂ ਦੇ ਹੱਕ ਖੁੱਸ ਕੇ ਕੇਂਦਰ ਕੋਲ ਚਲੇ ਗਏ।ਚੰਡੀਗੜ੍ਹ ਉਪਰ ਪੰਜਾਬ ਦੇ ਹੱਕ ਲਈ ਜੁਬਾਨ ਬੰਦ ਰੱਖੀ। ਬਿਜਲੀ, ਸਿੱਖਿਆਂ, ਕਿਸਾਨੀ ਨੂੰ ਕੇਂਦਰੀ ਸਰਕਾਰਾਂ ਦੇ ਰਹਿਮੋ ਕਰਮ ਤੇ ਛੱਡਣਾ ਵੱਡੀਆਂ ਸਿਆਸੀ ਗਲਤੀਆਂ ਸਨ।

ਅੱਜ ਦੇ ਬਿਖੜੇ ਸਮੇ ਵਿੱਚ ਸੱਭ ਤੋ ਵੱਡੀ ਜਰੂਰਤ ਸਿੱਖਾਂ ਵਿੱਚ ਸਿਰ ਜੋੜਕੇ ਇਕੱਠੇ ਹੋਣ ਦੇ ਨਾਲ ਨਾਲ ਸਮੇ ਦੀ ਨਜ਼ਾਕਤ ਨੂੰ ਪਹਿਚਾਨਣ ਦੀ ਹੈ।ਦੇਸ਼ ਵਿਦੇਸ਼ਾ ਵਿੱਚ ਸਿੱਖਾਂ ਦੀਆਂ ਚਿੰਨਤਾਵਾਂ ਨੂੰ ਸਮਝਣ ਦੀ ਵਧੇਰੇ ਲੋੜ ਹੈ।ਸ਼ੌਮਣੀ ਕਮੇਟੀ ਦੀਆਂ ਇਲੈਕਸ਼ਨਾਂ ਨੂੰ ਪਹਿਲ ਦੇਣੀ ਬਣਦੀ ਹੈ। ਇੱਕ ਸੂਤਰੀ ਪੰਥਕ ਅਜੰਡੇ ਨੂੰ ਸਾਂਝੀ ਪਰਵਾਨਗੀ ਹੋਵੇ। ਸਿੱਖਾਂ ਕੋਲ ਗੁਆਉਣ ਲਈ ਬਹੁਤ ਕੁਝ ਨਹੀ ਬਚਿਆ ਹੈ। ਕੇਂਦਰ ਨਾਲ ਹਰ ਮੰਗ ਫੇਲ ਹੋ ਕੇ ਗਲੇ ਪੈਦੀ ਨਜ਼ਰ ਆ ਰਹੀ ਹੈ। ਕੌਮ ਨੇ ਬਹੁਤ ਔਖੇ ਪੈਂਡੇਆਂ ਵੇਲੇ ਗੁਰਮੱਤੇ ਕੀਤੇ ਹਨ। ਸਾਂਝਾ ਲਈ ਹੱਥ

(ਬਾਕੀ ਸਫਾ ਬੀ22 ਤੇ)


The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC



T&S Transportation
Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।
ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ
ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ
ਹੋਰ ਜਾਣਕਾਰੀ ਲਈ ਫੋਨ ਕਰੋ
604-607-0333

# ਊਧਵ ਠਾਕਰੇ ਨੇ ਫੇਸਬੁੱਕ ਲਾਈਵ ਦੌਰਾਨ ਦਿੱਤਾ ਅਸਤੀਫਾ

ਮੁੰਬਈ: ਮਹਾਰਾਸ਼ਟਰ ‘ਚ ਚੱਲ ਰਹੀ ਸਿਆਸੀ ਉਥਲ-ਪੁਥਲ ਨੂੰ ਖਤਮ ਕਰਦੇ ਹੋਏ ਸ਼ਿਵ ਸੈਨਾ ਨੇਤਾ ਊਧਵ ਠਾਕਰੇ ਨੇ ਸੂਬੇ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਠਾਕਰੇ ਨੇ ਦੇਰ ਸ਼ਾਮ ਫੇਸਬੁੱਕ ਲਾਈਵ ਕਰਨ ਦਾ ਐਲਾਨ ਕੀਤਾ ਸੀ, ਜਿਸ ਤੋਂ ਬਾਅਦ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਉਹ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਸਕਦੇ ਹਨ। ਊਧਵ ਨੇ ਫੇਸਬੁੱਕ ਲਾਈਵ ਦੌਰਾਨ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਵਿਧਾਨ ਪ੍ਰੀਸ਼ਦ ਦੀ ਮੈਂਬਰੀ ਛੱਡਣ ਦਾ ਵੀ ਐਲਾਨ ਕਰ ਦਿੱਤਾ ਹੈ। ਫੇਸਬੁੱਕ ਲਾਈਵ ‘ਤੇ ਆਪਣੇ ਅਸਤੀਫੇ ਦਾ ਐਲਾਨ ਕਰਨ ਤੋਂ ਤੁਰੰਤ ਬਾਅਦ ਉਹ ਰਾਜ ਭਵਨ ਲਈ ਰਵਾਨਾ ਹੋ ਗਏ।ਫੇਸਬੁੱਕ ਲਾਈਵ ਦੌਰਾਨ ਠਾਕਰੇ ਨੇ ਐਨਸੀਪੀ ਮੁਖੀ ਸ਼ਰਦ ਪਵਾਰ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦਾ ਧੰਨਵਾਦ ਕੀਤਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਜਦੋਂ ਕੈਬਨਿਟ ਵਿੱਚ ਸੰਭਾਜੀਨਗਰ ਦੀ ਤਜਵੀਜ਼ ਰੱਖੀ ਗਈ ਸੀ ਤਾਂ ਕਾਂਗਰਸ ਅਤੇ ਐਨਸੀਪੀ ਨੇ ਸਮਰਥਨ ਕੀਤਾ ਸੀ ਅਤੇ ਸਾਡੇ ਲੋਕ ਗੈਰ ਹਾਜ਼ਰ ਰਹੇ। ਜਿਸ ਲਈ ਉਸ ਨੇ ਸਭ ਕੁਝ ਕੀਤਾ ਉਹ ਗੁੱਸੇ ‘ਚ ਹੈ, ਜਦਕਿ ਕਈ ਗਰੀਬ ਲੋਕ ਮਾਤੋਸ਼੍ਰੀ ‘ਤੇ ਆ ਕੇ ਲੜਨ ਲਈ ਕਹਿ ਰਹੇ ਹਨ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711






TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads

Need Company Drivers

*Single Driver Pay 52cents/mile*
*Team Drivers 32 cents/mile*





FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2


# ਮੂਸੇਵਾਲੇ ਨੇ ਰਿਕਾਰਡ ਤੋੜਿਆ!! 3 ਕਰੋੜ ਲੋਕ ਹੁਣ ਤਕ ਉਸ ਦਾ ਗੀਤ 'SYL' ਵੇਖ, ਸੁਣ ਤੇ ਪਸੰਦ ਕਰ ਚੁੱਕੇ ਨੇ...

ਸਿੱਖਾਂ ਦੀ ਕੁਲ ਆਬਾਦੀ (ਨਾਬਾਲਗ਼ ਬੱਚਿਆਂ ਸਮੇਤ) ਨਾਲੋਂ ਜ਼ਿਆਦਾ ਲੋਕ ਇਸ 'ਰਾਜਸੀ ਕਿਸਮ ਦੇ ਗੀਤ' ਜੋ ਪੰਜਾਬ ਦੇ ਹੱਕਾਂ ਦੀ ਤੇ ਇਸ ਨਾਲ ਹੋਏ ਧੱਕਿਆਂ ਦੀ ਗੱਲ ਕਰਦਾ ਹੈ, ਨੂੰ ਪਸੰਦ ਕਰ ਚੁੱਕਾ ਹੈ ਤਾਂ ਇਸ ਦਾ ਮਤਲਬ ਕੀ ਹੈ? ਇਹੀ ਕਿ 'ਬਾਦਲ ਅਕਾਲੀ ਦਲ' ਪੰਥ ਨੂੰ ਜੋ ਬੇਦਾਵਾ ਦੇ ਗਿਆ ਹੈ ,ਪਰ ਨੌਜੁਆਨਾਂ ਨੇ ਰੱਖ ਦਿਖਾਈ ਹੈ।(ਹਾਲਾਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਦਲਾਂ ਨੂੰ ਝਾੜ ਪੈਣੀ ਚਾਹੀਦੀ ਸੀ ਕਿਉਂਕਿ ਪੰਥ ਦੇ ਬੁਲਾਰੇ ਵਜੋਂ ਅਕਾਲੀ ਦਲ ਨੂੰ (ਜਿਸਦਾ ਬਾਦਲਾਂ ਨੇ ਭੋਗ ਪਾ ਦਿੱਤਾ) ਅਕਾਲ ਤਖ਼ਤ ਉਤੇ ਕਾਇਮ ਕੀਤਾ ਗਿਆ ਸੀ।ਪਰ ਕੋਈ ਹੋਵੇ ਕੋਈ ਅਸਲੀ ਜਥੇਦਾਰ ਤਾਂ ਨਿਭਾਏ ਅਪਣਾ ਫ਼ਰਜ਼...!!

ਸ਼ੁਭਦੀਪ ਸਿੰਘ ਮੂਸੇਵਾਲਾ ਦੀ ਹਤਿਆ 29 ਮਈ ਨੂੰ ਹੋਈ ਤੇ 23 ਜੂਨ ਤਕ ਦੇ ਥੋੜੇ ਅਰਸੇ ਵਿਚ ਉਹ ਦੁਨੀਆਂ ਦੇ ਸੱਭ ਤੋਂ ਚਹੇਤੇ ਅਤੇ ਸੱਭ ਤੋਂ ਵੱਧ ਪਸੰਦ ਕੀਤੇ ਜਾਣ ਵਾਲੇ ਗਾਇਕਾਂ 'ਚੋਂ ਇਕ ਬਣ ਗਿਆ ਹੈ। ਇਕ ਅਖ਼ਬਾਰੀ ਖ਼ਬਰ ਅਨੁਸਾਰ, 3 ਕਰੋੜ ਲੋਕ ਉਸ ਦੇ ਗੀਤ 'ਐਸ.ਵਾਈ.ਐਲ.' ਨੂੰ ਵੇਖ, ਸੁਣ ਅਤੇ ਪਸੰਦ ਕਰ ਚੁੱਕੇ ਹਨ ਜੋ ਕਿ ਸਿੱਖਾਂ ਦੀ ਇਸ ਵੇਲੇ ਦੀ ਕੁਲ ਗਿਣਤੀ (ਨਾਬਾਲਗ਼ ਬੱਚਿਆਂ ਸਮੇਤ) ਨਾਲੋਂ ਜ਼ਿਆਦਾ ਬਣਦੇ ਹਨ।ਅਜੇ ਇਹ ਗੀਤ ਹੋਰ ਜ਼ਿਆਦਾ ਲੋਕਾਂ ਤਕ ਵੀ ਪਹੁੰਚੇਗਾ ।ਇਹ ਵੀ ਸ਼ਾਇਦ ਪਹਿਲੀ ਵਾਰ ਹੀ ਹੋਇਆ ਹੈ ਕਿ ਪੰਜਾਬ ਦੇ ਹੱਕਾਂ ਦੀ ਤਰਜਮਾਨੀ ਕਰਨ ਵਾਲਾ ਇਕ ਗੀਤ (ਜਿਸ ਵਿਚ ਪੰਜਾਬ ਨਾਲ ਹੋਏ ਧੱਕਿਆਂ ਦੀ ਸੰਖੇਪ ਝਲਕ ਵੀ ਵਿਖਾਈ ਗਈ ਹੈ, ਏਨਾ ਜ਼ਿਆਦਾ ਹਰਮਨ ਪਿਆਰਾ ਹੋ ਗਿਆ ਹੈ ਤੇ ਇਸ ਦੀ ਕਿਸੇ ਪਾਸਿਉਂ ਵੀ ਵਿਰੋਧਤਾ ਨਹੀਂ ਹੋਈ ਹਾਲਾਂਕਿ ਜੇ ਮੂਸੇਵਾਲਾ ਜਿਊਂਦਿਆਂ ਇਹ ਗੀਤ ਨਸ਼ਰ ਕਰ ਦੇਂਦਾ ਤਾਂ ਹੁਣ ਤਕ ਭਾਰਤੀ ਮੀਡੀਏ ਵਿਚ ''ਫੜ ਲਉ ਫੜ ਲਉ ਇਹਨੂੰ'' ਦੀਆਂ ਆਕਾਸ਼-ਗੁੰਜਾਊ ਚੀਕਾਂ ਸੁਣਾਈ ਦੇਣ ਲੱਗ ਰਹੀਆਂ ਹੋਣੀਆਂ ਸਨ।ਉਸ ਕੈਸਿਟ ਵਿਚ ਸੰਤ ਭਿੰਡਰਾਂਵਾਲਿਆਂ ਦਾ ਨਾਂ ਮੌਜੂਦ ਹੈ, ਬਲਵਿੰਦਰ ਸਿੰਘ ਜਟਾਣਾ ਦਾ ਨਾਂ ਮੌਜੂਦ ਹੈ, ਬਲੂ-ਸਟਾਰ ਆਪ੍ਰੇਸ਼ਨ ਅਤੇ ਅਕਾਲ ਤਖ਼ਤ ਨੂੰ ਗੋਲੀਆਂ ਨਾਲ ਵਿੰਨ੍ਹਣ ਦਾ ਜ਼ਿਕਰ ਹੈ, ਇਹ ਸੰਦੇਸ਼ ਵੀ ਹੈ ਕਿ ਸਿੱਖ ਅਪਣੇ ਕਾਤਲਾਂ ਨੂੰ ਮਾਰੇ ਬਿਨਾਂ ਚੈਨ ਨਹੀਂ ਲੈਂਦੇ ਅਤੇ ਨੌਜੁਆਨਾਂ ਨੂੰ ਇਹ ਸੰਦੇਸ਼ ਵੀ ਹੈ ਕਿ ਉਹ ਪੰਜਾਬ ਦੀ ਆਖ਼ਰੀ ਆਸ ਤੇ ਉਮੀਦ ਹਨ ਜੋ ਉਠਣ ਤੇ ਪੰਜਾਬ ਨੂੰ ਬਚਾ ਲੈਣ।

ਏਨੇ ਸੰਦੇਸ਼ ਇਕੋ ਗੀਤ ਦੀ ਕੈਸਿਟ ਵਿਚ ਦੇਣ ਵਾਲਾ ਅਗਰ ਜ਼ਿੰਦਾ ਹੁੰਦਾ ਤਾਂ ਕਿਸੇ ਨੇ ਉਸ ਨੂੰ ਨਹੀਂ ਸੀ ਬਖ਼ਸ਼ਣਾ।ਹੁਣ ਤੱਕ ਸ਼ੋਰ ਮਚਿਆ ਹੋਣਾ ਸੀ ਕਿ ਭਿੰਡਰਾਂਵਾਲਾ ਫਿਰ ਤੋਂ ਜ਼ਿੰਦਾ ਹੋ ਗਿਆ ਹੈ ਤੇ ਦੇਸ਼ ਦੀ ਸਲਾਮਤੀ ਨੂੰ ਚੀਨ ਵਲੋਂ ਨਹੀਂ, ਪੰਜਾਬ ਵਲੋਂ ਖ਼ਤਰਾ ਪੈਦਾ ਹੋ ਗਿਆ ਹੈ । ਕੀਮਤੀ ਹੀਰਾ ਤਾਂ ਗਵਾ ਲਿਆ ਏ ਪੰਜਾਬ ਨੇ ਪਰ... । ਚਲੋ ਜੋ ਰੱਬ ਨੂੰ ਮੰਨਜ਼ੂਰ ।ਪਰ ਮੈਂ ਇਸ ਗੀਤ ਪ੍ਰਤੀ ਉਮੜੇ ਪਿਆਰ ਨੂੰ ਇਕ ਹੋਰ ਨਜ਼ਰੀਏ ਤੋਂ ਵੇਖਦਾ ਹਾਂ । ਮੈਨੂੰ ਲਗਦਾ ਹੈ ਕਿ ਸਿੱਖ ਇਤਿਹਾਸ ਵਿਚ ਪਹਿਲੀ ਵਾਰ, ਦਿੱਲੀ ਦਾ ਹੁਕਮ ਮੰਨ ਕੇ ਪ੍ਰਕਾਸ਼ ਸਿੰਘ ਬਾਦਲ ਨੇ ਪੰਥ ਵਲੋਂ ਅਪਣੀ ਹਿਫ਼ਾਜ਼ਤ ਅਤੇ ਸੁਰੱਖਿਆ ਲਈ ਅਕਾਲ ਤਖ਼ਤ ਤੇ ਸਾਜੇ ਗਏ ਪੰਥਕ ਅਕਾਲੀ ਦਲ ਨੂੰ ਜਿਵੇਂ 'ਅਪੰਥਕ' ਬਣਾ ਦਿਤਾ, ਉਸ ਨੂੰ ਨਾਪਸੰਦ ਕਰਨ ਦਾ ਐਲਾਨ, ਲੋਕ ਹੌਲੀ ਹੌਲੀ ਕਰਦੇ ਆ ਹੀ ਰਹੇ ਹਨ ਤੇ ਪਿਛਲੀਆਂ ਚੋਣਾਂ ਵਿਚ ਤਾਂ ਕੱਟੜ ਜੱਦੀ ਪੁਸ਼ਤੀ ਅਕਾਲੀਆਂ ਨੇ ਵੀ ਇਸ ਨੂੰ ਵੋਟਾਂ ਪਾਉਣ ਤੋਂ ਨਾਂਹ ਕਰ ਦਿੱਤੀ -ਪਰ ਨੌਜੁਆਨਾਂ ਵਲੋਂ ਉਸ ਦਾ ਜਵਾਬ ਪਹਿਲੀ ਵਾਰ ਮੂਸੇਵਾਲ ਦੇ ਗੀਤ ਨੇ ਹੀ ਦਿਤਾ ਹੈ ਕਿ ਪੰਥ ਨਹੀਂ ਭੁਲ ਸਕਦਾ ਅਪਣੇ ਟੀਚਿਆਂ ਤੇ ਜ਼ਿੰਮੇਵਾਰੀਆਂ ਨੂੰ ਜਾਂ ਪੰਜਾਬ ਦੇ ਹਿਤਾਂ ਨੂੰ ।ਇਹ ਜ਼ੁੰਮੇਵਾਰੀਆਂ ਪੂਰੀਆਂ ਕਰਨ ਲਈ ਮੂਸੇਵਾਲ ਨੇ ਗੀਤ ਰਾਹੀਂ, ਸਿੱਖ ਲੀਡਰਸ਼ਿਪ ਨੂੰ ਨਹੀਂ ਵੰਗਾਰਿਆ, ਅਕਾਲ ਤਖ਼ਤ ਤੇ ਬੈਠੇ, ਲੀਡਰਾਂ ਦੇ ਭਗਤਾਂ ਨੂੰ ਨਹੀਂ ਵੰਗਾਰਿਆ ਸਗੋਂ ਪੰਜਾਬ ਦੇ ਨੌਜੁਆਨਾਂ ਨੂੰ ਵੰਗਾਰਿਆ ਹੈ।'ਅਕਾਲੀ' (ਮਾਫ਼ ਕਰਨਾ, ਸਾਰੇ 'ਅਕਾਲੀ ਦਲ' ਇਕੋ ਜਹੇ ਹੀ ਸਾਬਤ ਹੋਏ ਹਨ) ਤਾਂ ਚੋਣਾਂ ਜਿੱਤਣ ਤਕ ਪੰਥ ਅਤੇ ਪੰਜਾਬ ਦੀ ਗੱਲ ਕਰਦੇ ਹਨ ਅਤੇ ਜਿੱਤਣ ਮਗਰੋਂ ਸਿਰਫ਼ ਨਿਜੀ ਲਾਭਾਂ ਨੂੰ ਸੁਰੱਖਿਅਤ ਕਰਨ ਤਕ ਸੀਮਤ ਹੋ ਜਾਂਦੇ ਹਨ, ਬਾਕੀ ਸਾਰੇ 'ਜੁਮਲੇ' ਭੁਲ ਜਾਂਦੇ ਹਨ ।ਇਸੇ ਲਈ ਮੂਸੇਵਾਲੇ ਨੇ ਇਨ੍ਹਾਂ ਦਾ ਨਾਂ ਵੀ ਗੀਤ ਅਤੇ ਕੈਸਿਟ ਵਿਚ ਨਹੀਂ ਲਿਆ ਅਤੇ ਕੇਵਲ ਤੇ ਕੇਵਲ ਨੌਜੁਆਨਾਂ ਨੂੰ ਹੀ ਵੰਗਾਰਿਆ ਹੈ ਕਿਉਂਕਿ ਥਾਂ-ਥਾਂ 'ਤੇ ਘੁੰਮ ਫਿਰ ਕੇ ਤੇ ਨੌਜੁਆਨਾਂ ਵਿਚ ਵਿਚਰ ਕੇ ਉਹਨੂੰ ਪਤਾ ਲੱਗ ਗਿਆ ਸੀ ਕਿ ਜਜ਼ਬਾ ਕੇਵਲ ਨੌਜੁਆਨਾਂ ਵਿਚ ਹੀ ਰਹਿ ਗਿਆ ਹੈ ਪਰ ਪੁਰਾਣੇ ਘਾਗ ਲੀਡਰ ਉਨ੍ਹਾਂ ਅੰਦਰੋਂ ਜਜ਼ਬਾ ਖ਼ਤਮ ਕਰਨ ਲਈ ਨਸ਼ੇ ਵੰਡਦੇ ਆ ਰਹੇ ਹਨ, ਬੇਰੁਜ਼ਗਾਰੀ ਉਨ੍ਹਾਂ ਦੇ ਮੱਥੇ ਦੇ ਲੇਖਾਂ ਵਿਚ ਲਿਖਦੇ ਰਹੇ ਹਨ ਤੇ ਉਨ੍ਹਾਂ ਨੂੰ ਗੈਂਗਸਟਰ ਬਣਨ ਵਿਚ ਮਦਦ ਦੇਂਦੇ ਰਹੇ ਹਨ।ਅਜਬ ਨਹੀਂ ਕਿ ਉਸ ਦੇ ਵਿਚਾਰਾਂ ਦਾ ਪਤਾ ਤਾਕਤਵਰ ਲੋਕਾਂ ਨੂੰ ਲੱਗ ਹੀ ਗਿਆ ਹੋਵੇ ਤੇ ਉਨ੍ਹਾਂ ਨੇ ਹੀ ਮੂਸੇਵਾਲ ਦਾ ਕੰਡਾ ਕੱਢਣ ਦੀ ਯੋਜਨਾ ਰਚੀ ਹੋਵੇ। ਸ਼ੁਕਰ ਹੈ ਉਸ ਦੇ ਗੀਤ ਜ਼ਿੰਦਾ ਰਹਿ ਗਏ ਹਨ ਜੋ ਕਤਲ ਨਹੀਂ ਕੀਤੇ ਜਾ ਸਕਦੇ । ਉਸ ਦਾ '295 ਏ' ਵਾਲਾ ਗੀਤ ਵੀ ਧਿਆਨ ਦੇਣ ਵਾਲਾ ਹੈ ਪਰ ਮੈਂ ਉਸ ਬਾਰੇ ਅਗਲੀ ਵਾਰ ਲਿਖਾਂਗਾ ਕਿਉਂਕਿ ਧਾਰਾ 295-ਏ ਦੇ ਬਾਦਲ ਰਾਜ ਵੇਲੇ ਦੇ ਇਤਿਹਾਸ ਵਿਚ ਮੇਰਾ ਨਾਂ ਵੀ ਜੁੜਿਆ ਰਿਹਾ ਹੈ ਤੇ ਮੈਂ ਕਾਫ਼ੀ ਕੁੱਝ ਪਾਠਕਾਂ ਨੂੰ ਦਸਣਾ ਵੀ ਚਾਹੁੰਦਾ ਹਾਂ ।

ਸ. ਬਾਦਲ ਜਿਸ ਤਰ੍ਹਾਂ 'ਅਕਾਲੀ ਦਲ' ਨੂੰ ਥੈਲੇ ਵਿਚ ਵਲ੍ਹੇਟ ਕੇ, ਅਪਣੇ ਕਬਜ਼ੇ ਹੇਠ, ਚੰਡੀਗੜ੍ਹ ਵਿਚ ਲੈ ਗਏ ਹਨ, ਇਸ ਨਾਲ ਅਕਾਲੀ ਦਲ ਦਾ ਸਾਹ ਬਾਦਲਾਂ ਦੀ ਕੈਦ ਵਿਚ ਘੁਟ ਜਾਏਗਾ ਤੇ ਉਹ ਸਿੱਖਾਂ ਤੋਂ ਦੂਰ ਹੋ ਜਾਏਗਾ, ਇਸ ਲਈ ਇਸ ਨੂੰ ਬਾਦਲਾਂ ਤੋਂ ਖੋਹ ਕੇ, ਸਿੱਖੀ ਦੀ ਰਾਜਧਾਨੀ ਅੰਮ੍ਰਿਤਸਰ ਵਿਚ ਅਕਾਲ ਤਖ਼ਤ ਦੀ ਮਾਤਹਿਤੀ ਵਿਚ ਲਿਆਂਦਾ ਜਾਵੇ ਕਿਉਂਕਿ ਪੰਥ ਨੇ ਇਸ ਦੀ ਸਾਜਨਾ ਵੀ ਪੰਥ ਦੇ ਹਿਫ਼ਾਜ਼ਤੀ ਜੱਥੇ ਵਜੋਂ ਅਕਾਲ ਤਖ਼ਤ ਤੇ ਹੀ ਕੀਤੀ ਸੀ ।ਮੈਂ ਅਕਾਲ ਤਖ਼ਤ ਤੇ ਬੈਠੇ 'ਜਥੇਦਾਰਾਂ' ਨੂੰ ਵੀ ਇਹੀ ਵੰਗਾਰ ਪਾਉਂਦਾ ਰਿਹਾ ਹਾਂ।ਪਰ ਉਥੇ ਕੋਈ ਅਸਲੀ 'ਜਥੇਦਾਰ' ਹੋਵੇ ਤਾਂ ਕੁੱਝ ਕਰੇ ।ਸੱਭ ਸੁੱਤੇ ਪਏ ਹਨ ਤੇ 'ਸਿਆਸੀ ਮਾਲਕਾਂ' ਦੇ ਆਖੇ ਤੇ ਹੀ ਕਦੇ ਕਦੇ ਬਿਆਨ ਜਾਰੀ ਕਰਨ ਲਈ ਜਾਗਦੇ ਹਨ । ਮੂਸੇਵਾਲ ਦੀ ਵੰਗਾਰ ਤਾਂ ਨੌਜੁਆਨਾਂ ਨੂੰ ਜਗਾਉਣ ਲਈ ਹੈ ਪਰ 'ਜਥੇਦਾਰ' ਵੀ ਚੰਗਾ ਕਰਨ ਤੇ ਪੰਥ ਦੇ ਹਿਫ਼ਾਜ਼ਤੀ ਜੱਥੇ ਨੂੰ ਉਧਾਲ ਕੇ ਚੰਡੀਗੜ੍ਹ ਲਿਜਾਣ ਵਾਲਿਆਂ ਤੋਂ ਇਸ ਨੂੰ ਛੁਡਾਉਣ ਨਹੀਂ ਤਾਂ ਇਹ ਕੰਮ ਵੀ ਨੌਜੁਆਨਾਂ ਨੂੰ ਹੀ ਕਰਨਾ ਪਵੇਗਾ ਜਿਵੇਂ ਅਕਾਲ ਤਖ਼ਤ ਉਤੇ ਕਾਬਜ਼ ਮਹੰਤਾਂ ਤੇ ਪੁਜਾਰੀਆਂ ਨੂੰ ਉਦੋਂ ਖਦੇੜਿਆ ਸੀ ਜਦੋਂ ਉਨ੍ਹਾਂ ਨੇ ਕਥਿਤ ਨੀਵੀਆਂ ਜਾਤੀਆਂ ਦੇ ਲੋਕਾਂ ਦਾ ਕੜਾਹ ਪ੍ਰਸ਼ਾਦ, ਅਕਾਲ ਤਖ਼ਤ 'ਤੇ ਲੈਣ ਤੋਂ ਨਾਂਹ ਕਰ ਦਿਤੀ ਸੀ। 'ਐਸ.ਵਾਈ.ਐਲ' ਗੀਤ ਪ੍ਰਤੀ ਉਮੜੇ ਪਿਆਰ ਨੂੰ ਇਕ ਹੋਰ ਨਜ਼ਰੀਏ ਤੋਂ ਵੇਖਦਾ ਹਾਂ।ਮੈਨੂੰ ਲਗਦਾ ਹੈ ਕਿ ਸਿੱਖ ਇਤਿਹਾਸ ਵਿਚ, ਦਿੱਲੀ ਦਾ ਹੁਕਮ ਮੰਨ ਕੇ ਪ੍ਰਕਾਸ਼ ਸਿੰਘ ਬਾਦਲ ਨੇ ਪਹਿਲੀ ਵਾਰ, ਪੰਥ ਵਲੋਂ ਅਪਣੀ ਹਿਫ਼ਾਜ਼ਤ ਅਤੇ ਸੁਰੱਖਿਆ ਲਈ ਅਕਾਲ ਤਖ਼ਤ ਤੇ ਸਾਜੇ ਗਏ ਪੰਥਕ ਅਕਾਲੀ ਦਲ ਨੂੰ ਜਿਵੇਂ 'ਅਪੰਥਕ' ਬਣਾ ਦਿਤਾ, ਉਸ ਨੂੰ ਨਾਪਸੰਦ ਕਰਨ ਦਾ ਐਲਾਨ, ਲੋਕ ਹੌਲੀ ਹੌਲੀ ਕਰਦੇ ਆ ਹੀ ਰਹੇ ਹਨ ਤੇ ਪਿਛਲੀਆਂ ਚੋਣਾਂ ਵਿਚ ਤਾਂ ਕੱਟੜ ਜੱਦੀ ਪੁਸ਼ਤੀ ਅਕਾਲੀਆਂ ਨੇ ਵੀ ਇਸ ਨੂੰ ਵੋਟਾਂ ਪਾਉਣ ਤੋਂ ਨਾਂਹ ਕਰ ਦਿੱਤੀ --- ਪਰ ਨੌਜੁਆਨਾਂ ਵਲੋਂ ਉਸ ਦਾ ਜਵਾਬ ਪਹਿਲੀ ਵਾਰ ਮੂਸੇਵਾਲ ਦੇ ਗੀਤ ਨੇ ਹੀ ਦਿਤਾ ਹੈ ਕਿ ਪੰਥ ਨਹੀਂ ਭੁਲ ਸਕਦਾ ਅਪਣੇ ਟੀਚਿਆਂ ਤੇ ਜ਼ਿੰਮੇਵਾਰੀਆਂ ਨੂੰ ਜਾਂ ਪੰਜਾਬ ਦੇ ਹਿਤਾਂ ਨੂੰ । ਇਹ ਜ਼ੁੰਮੇਵਾਰੀਆਂ ਪੂਰੀਆਂ ਕਰਨ ਲਈ ਮੂਸੇਵਾਲ ਨੇ ਗੀਤ ਰਾਹੀਂ, ਸਿੱਖ ਲੀਡਰਸ਼ਿਪ ਨੂੰ ਨਹੀਂ ਵੰਗਾਰਿਆ, ਅਕਾਲ ਤਖ਼ਤ ਤੇ ਬੈਠੇ, ਲੀਡਰਾਂ ਦੇ ਭਗਤਾਂ ਨੂੰ ਨਹੀਂ ਵੰਗਾਰਿਆ ਸਗੋਂ ਪੰਜਾਬ ਦੇ ਨੌਜੁਆਨਾਂ ਨੂੰ ਵੰਗਾਰਿਆ ਹੈ ।'ਅਕਾਲੀ' (ਮਾਫ਼ ਕਰਨਾ, ਸਾਰੇ 'ਅਕਾਲੀ ਦਲ' ਇਕੋ ਜਹੇ ਹੀ ਸਾਬਤ ਹੋਏ ਹਨ) ਤਾਂ ਚੋਣਾਂ ਜਿੱਤਣ ਤਕ




ਪੰਥ ਅਤੇ ਪੰਜਾਬ ਦੀ ਗੱਲ ਕਰਦੇ ਹਨ ਅਤੇ ਜਿੱਤਣ ਮਗਰੋਂ ਸਿਰਫ਼ ਨਿਜੀ ਲਾਭਾਂ ਨੂੰ ਸੁਰੱਖਿਅਤ ਕਰਨ ਤਕ ਸੀਮਤ ਹੋ ਜਾਂਦੇ ਹਨ, ਬਾਕੀ ਸਾਰੇ 'ਜੁਮਲੇ' ਭੁਲ ਜਾਂਦੇ ਹਨ। ਇਸੇ ਲਈ ਮੂਸੇਵਾਲੇ ਨੇ ਇਨ੍ਹਾਂ ਦਾ ਨਾਂ ਵੀ ਗੀਤ ਅਤੇ ਕੈਸਿਟ ਵਿਚ ਨਹੀਂ ਲਿਆ ਅਤੇ ਕੇਵਲ ਤੇ ਕੇਵਲ ਨੌਜੁਆਨਾਂ ਨੂੰ ਹੀ ਵੰਗਾਰਿਆ ਹੈ ਕਿਉਂਕਿ ਥਾਂ-ਥਾਂ 'ਤੇ ਘੁੰਮ ਫਿਰ ਕੇ ਤੇ ਨੌਜੁਆਨਾਂ ਵਿਚ ਵਿਚਰ ਕੇ ਉਹਨੂੰ ਪਤਾ ਲੱਗ ਗਿਆ ਸੀ ਕਿ ਜਜ਼ਬਾ ਕੇਵਲ ਨੌਜੁਆਨਾਂ ਵਿਚ ਹੀ ਰਹਿ ਗਿਆ ਹੈ ਪਰ ਪੁਰਾਣੇ ਘਾਗ ਲੀਡਰ ਉਨ੍ਹਾਂ ਅੰਦਰੋਂ ਜਜ਼ਬਾ ਖ਼ਤਮ ਕਰਨ ਲਈ ਨਸ਼ੇ ਵੰਡਦੇ ਆ ਰਹੇ ਹਨ, ਬੇਰੁਜ਼ਗਾਰੀ ਉਨ੍ਹਾਂ ਦੇ ਮੱਥੇ ਦੇ ਲੇਖਾਂ ਵਿਚ ਲਿਖਦੇ ਰਹੇ ਹਨ ਤੇ ਉਨ੍ਹਾਂ ਨੂੰ ਗੈਂਗਸਟਰ ਬਣਨ ਵਿਚ ਮਦਦ ਦੇਂਦੇ ਰਹੇ ਹਨ ।ਅਜਬ ਨਹੀਂ ਕਿ ਉਸ ਦੇ ਵਿਚਾਰਾਂ ਦਾ ਪਤਾ ਤਾਕਤਵਰ ਲੋਕਾਂ ਨੂੰ ਲੱਗ ਹੀ ਗਿਆ ਹੋਵੇ ਤੇ ਉਨ੍ਹਾਂ ਨੇ ਹੀ ਮੂਸੇਵਾਲ ਦਾ ਕੰਡਾ ਕੱਢਣ ਦੀ ਯੋਜਨਾ ਰਚੀ ਹੋਵੇ । ਸ਼ੁਕਰ ਹੈ ਉਸ ਦੇ ਗੀਤ ਜ਼ਿੰਦਾ ਰਹਿ ਗਏ ਹਨ ਜੋ ਕਤਲ ਨਹੀਂ ਕੀਤੇ ਜਾ ਸਕਦੇ।ਉਸ ਦਾ '295 ਏ' ਵਾਲਾ ਗੀਤ ਵੀ ਧਿਆਨ ਦੇਣ ਵਾਲਾ ਹੈ ਪਰ ਮੈਂ ਉਸ ਬਾਰੇ ਅਗਲੀ ਵਾਰ ਲਿਖਾਂਗੇ।-ਸਪੋਕਸਮੈਨ ਸਮਾਚਾਰ ਸੇਵਾ






UNIVERSAL TENT RENTAL LTD.

PARTY RENTALS
- Chair Rentals
- Tables Rentals
- Audio/Visual
- Linens Rentals
- BBQ'S Rentals
- Portable Bar
- Carpet
- Dance Floor
- Lighting
- Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987




*RESIDENTIAL *COMMERCIAL *INDUSTRIAL

- Pressure Washing
- Carpet Cleaning
- Driveway Washing & Sealing
- Gutter Cleaning
- Floor Cleaning
- Waxing & Sealing
- New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਦਲ ਖਾਲਸਾ ਨੇ ਬਾਦਲ ਪਰਵਾਰ ਨੂੰ ਪੰਥਕ ਪਿੜ ਵਿੱਚੋਂ ਲਾਂਭੇ ਹੋਣ ਨੂੰ ਕਿਹਾ

ਅੰਮ੍ਰਿਤਸਰ- ਦਲ ਖਾਲਸਾ ਨੇ ਦੋਸ਼ ਲਾਇਆ ਹੈ ਕਿ ਬਾਦਲ ਅਕਾਲੀ ਦਲ ਵੱਲੋਂ ਸੰਗਰੂਰ ਉਪ ਚੋਣ ਵਿੱਚ ਬੰਦੀ ਸਿੰਘਾਂ ਦੇ ਮੁੱਦੇ ਨੂੰ ਪਾਰਟੀ ਦੇ ਏਜੰਡੇ ਵਜੋਂ ਉਭਾਰਨਾ ਇੱਕ ਢਕਵੰਜ ਸੀ, ਜਿਸ ਨਾਲ ਨਾ ਸਿਰਫ ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲਦੀ ਮੁਹਿੰਮ ਨੂੰ ਢਾਹ ਲੱਗੀ ਹੈ, ਸਗੋਂ ਇਸ ਨਾਲ ਅਕਾਲ ਤਖਤ ਦੇ ਜਥੇਦਾਰ ਦੀ ਸਾਖ ਨੂੰ ਵੀ ਸੱਟ ਵੱਜੀ ਹੈ, ਇਸ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣਾ ਅਤੇ ਰਾਜਨੀਤੀ ਵੀ ਛੱਡ ਦੇਣੀ ਚਾਹੀਦੀ ਹੈ।

3.ਧੁੱਗਾ ਕਲਾਂ ਦੀ ਸਮੂਹ ਸਾਧ ਸੰਗਤ ਵੱਲੋਂ 4.ਨੈਬ ਸਿੰਘ ਅਤੇ ਨਵਦੀਪ ਕੌਰ ਪਰਿਵਾਰ ਵੱਲੋਂ
5.ਜੋਗਿੰਦਰ ਸਿੰਘ ਬਾਸੀ ਅਤੇ ਪਰਿਵਾਰ ਵੱਲੋਂ ਸ. ਸਿਮਰਨਜੀਤ ਸਿੰਘ ਮਾਨ ਦੇ ਲੋਕ ਸਭਾ ਚੋਣ ਜਿੱਤਣ ਦੀ ਖ਼ੁਸ਼ੀ ਵਿਚ

*ਸਵੇਰੇ 10 ਵਜੇ ਆਨੰਦ ਕਾਰਜ ਹਰਵਿੰਦਰ ਸਿੰਘ ਪਰਿਵਾਰ ਵੱਲੋਂ

*ਸਵੇਰੇ 9 ਵਜੇ ਭੋਗ ਸ੍ਰੀ ਸਹਿਜ ਪਾਠ ਅਤੇ ਕੀਰਤਨ ਸੇਵਾ ਦਰਸ਼ਨ ਸਿੰਘ ਸਿੱਧੂ ਅਤੇ ਪਰਿਵਾਰ ਵੱਲੋਂ

*ਸਵੇਰੇ 8 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਸੁਖਰਾਜ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 11 ਵਜੇ ਸ੍ਰੀ ਸਹਿਜ ਪਾਠ ਗੁਰਦੇਵ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਸਹਿਜ ਸਿੰਘ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ

**2 ਜੁਲਾਈ ਦਿਨ ਸ਼ਨਿਚਰਵਾਰ**

*ਸਵੇਰੇ 10 ਵਜੇ ਅਨੰਦ ਕਾਰਜ ਗੁਰਪਾਲ ਸਿੰਘ ਬੋਪਾਰਾਏ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਅੰਮ੍ਰਿਤ ਸਿੰਘ ਅਤੇ ਪਰਿਵਾਰ ਵੱਲੋਂ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੁਸਨਲ ਸਿੰਘ ਸੰਧੂ ਅਤੇ ਪਰਿਵਾਰ ਵੱਲੋਂ

*ਸਵੇਰੇ 11.30 ਵਜੇ ਭੋਗ ਸ੍ਰੀ ਸਹਿਜ ਪਾਠ ਨਮਿਤ ਸੁਰਜੀਤ ਕੌਰ ਖੱਖ:ਫਿਊਨਰਲ ਸਵੇਰੇ 10 ਵਜੇ ਰਿਵਰਸਾਈਡ ਵਿਖੇ ਹੋਵੇਗਾ।

*ਦੁਪਹਿਰ 12.30 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਲੰਗਰਾਂ ਦੀ ਸੇਵਾ ਮਨਪ੍ਰੀਤ ਸਿੰਘ ਅਤੇ ਪਰਿਵਾਰ ਵੱਲੋਂ

*ਸ਼ਾਮ 3 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਕੀਰਤਨ ਸੁਖਲੀਨ ਸਿੰਘ ਸੰਧੂ ਅਤੇ ਪਰਿਵਾਰ ਵੱਲੋਂ

*ਸ਼ਾਮ 5 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਸੁਰਮੁਖ ਸਿੰਘ ਅਤੇ ਪਰਿਵਾਰ ਵੱਲੋਂ

**3 ਜੁਲਾਈ ਦਿਨ ਐਤਵਾਰ**

*ਸਵੇਰੇ 8.30 ਵਜੇ ਭੋਗ 5 ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 10 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਸਤਨਾਮ ਸਿੰਘ ਤੇ ਪਰਿਵਾਰ ਵੱਲੋਂ

*ਫਿਊਨਰਲ ਸ. ਰਣਜੀਤ ਸਿੰਘ ਕੁਲਾਰ 10 ਵਜੇ ਰਿਵਰ ਸਾਈਡ ਵਿਖੇ ਹੋਵੇਗਾ।11.30 ਵਜੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਤੇ ਅੰਤਿਮ ਅਰਦਾਸ ਹੋਵੇਗੀ

*ਸ਼ਾਮ 3 ਵਜੇ ਪਾਠ ਸ੍ਰੀ ਸੁਖਮਨੀ ਸਾਹਿਬ ਕੀਰਤਨ ਅਤੇ ਲੰਗਰਾਂ ਦੀ ਸੇਵਾ ਰਮਿੰਦਰ ਕੌਰ ਅਤੇ ਪਰਿਵਾਰ ਵੱਲੋਂ




ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ। ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ, ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ
*ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ *ਪੰਜਾਬੀ ਕਲਾਸਾਂ

ਨੋਟ: ਫਰੇਜਰ ਹੈਲਥ ਦੀ ਹਦਾਇਤ ਅਨੁਸਾਰ ਗੁਰਦੁਆਰਾ ਸਾਹਿਬ ਆਉਣ ਸਮੇਂ ਮਾਸਕ

## ਰਾਗੀ ਜੱਥੇ

ਭਾਈ ਵਿਕਰਮਜੀਤ ਸਿੰਘ ਜੀ ਹਜ਼ੂਰੀ ਰਾਗੀ
(ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)
ਭਾਈ ਬਲਜਿੰਦਰ ਸਿੰਘ ਬੰਬੇ ਵਾਲੇ
ਭਾਈ ਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ

## ਕਥਾਵਾਚਕ

ਭਾਈ ਜਸਪਾਲਵੀਰ ਸਿੰਘ ਜੀ

## ਢਾਡੀ ਜਥਾ

ਗਿਆਨੀ ਸੁਖਨਿਰੰਜਨ ਸਿੰਘ ਸੁਮਨ

# ਹਸਗੁੱਲੇ

ਵਕੀਲ (ਕਟਿਹਰੇ ਵਿੱਚ ਖੜ੍ਹੀ ਖ਼ੂਬਸੂਰਤ ਮੁਟਿਆਰ ਨੂੰ), ''ਪਰਸੋਂ ਰਾਤ ਤੁਸੀਂ ਕਿੱਥੇ ਸੀ?''

ਮੁਟਿਆਰ, ''ਜੀ, ਆਪਣੇ ਗੁਆਂਢੀ ਨਾਲ ਰੈਸਟੋਰੈਂਟ ਗਈ ਸੀ।''

ਵਕੀਲ ਨੇ ਦੂਸਰਾ ਸਵਾਲ ਕੀਤਾ, ''...ਤੇ ਕੱਲ੍ਹ ਰਾਤ?''

ਮੁਟਿਆਰ, ''ਮੇਰੇ ਇੱਕ ਦੂਜੇ ਗੁਆਂਢੀ ਨਾਲ।''

ਵਕੀਲ ਨੇ ਹੌਲੀ ਜਿਹੀ ਪੁੱਛਿਆ, ''...ਤੇ ਅੱਜ ਦਾ ਤੁਹਾਡਾ ਕੀ ਪ੍ਰੋਗਰਾਮ ਹੈ?''

ਉਦੋਂ ਹੀ ਦੂਜਾ ਵਕੀਲ ਚੀਕਿਆ, ''ਆਬਜੈਕਸ਼ਨ, ਮਾਈ ਲਾਰਡ! ਇਹ ਸਵਾਲ ਮੈਂ ਪਹਿਲਾਂ ਪੁੱਛ ਲਿਆ ਹੈ।''

********

ਗੁਆਂਢਣ ਔਰਤ, ''ਤੁਹਾਡਾ ਲੜਕਾ ਮੇਰੀ ਨਕਲ ਲਾਉਂਦਾ ਹੈ, ਤੁਸੀਂ ਉਸ ਨੂੰ ਰੋਕਦੇ ਕਿਉਂ ਨਹੀਂ?''

ਲੜਕੇ ਦੀ ਮਾਂ, ''ਭੈਣ! ਮੈਂ ਤਾਂ ਕਈ ਵਾਰ ਉਸ ਨੂੰ ਸਮਝਾ ਚੁੱਕੀ ਹਾਂ ਕਿ ਮੂਰਖਾਂ ਦੀ ਨਕਲ ਨਾ ਕਰਿਆ ਕਰ, ਪਰ ਉਹ ਸਮਝਦਾ ਹੀ ਨਹੀਂ।''

********

ਪਤੀ ਨੇ ਨਵੀਂ ਕਾਰ ਖ਼ਰੀਦੀ ਤੇ ਸੋਚਿਆ ਪਤਨੀ ਨੂੰ ਸਰਪ੍ਰਾਈਜ਼ ਦਿੱਤਾ ਜਾਵੇ, ਘਰ ਪੁੱਜਦੇ ਸਾਰ ਪਤਨੀ ਨੂੰ ਜ਼ੋਰ ਨਾਲ ਆਵਾਜ਼ ਦੇ ਕੇ ਬੋਲਿਆ, ''ਡਾਰਲਿੰਗ! ਤੇਰਾ ਕਿੰਨੇ ਸਾਲਾਂ ਦਾ ਸੁਫ਼ਨਾ ਅੱਜ ਪੂਰਾ ਹੋ ਗਿਆ।''

ਪਤਨੀ ਦੌੜਦੀ ਹੋਈ ਰਸੋਈ ਤੋਂ ਬਾਹਰ ਆਈ ਤੇ ਚੀਖ਼ੀ, ''ਹਾਏ! ਹਾਏ, ਕੀ ਹੋ ਗਿਆ ਸਾਸੂ ਮਾਂ ਨੂੰ, ਸਵੇਰੇ ਤਾਂ ਚੰਗੀ-ਭਲੀ ਸੀ।'

********

ਜੇਲਰ, "ਜੇਲ ਤੋਂ ਛੁੱਟ ਕੇ ਕੀ ਕਰੇਂਗਾ?''

ਕੈਦੀ, ''ਜੀ, ਸੁਨਿਆਰੇ ਦੀ ਦੁਕਾਨ ਖੋਲ੍ਹਾਂਗਾ।''

ਜੇਲਰ (ਹੈਰਾਨ ਹੋ ਕੇ), ''ਪਰ ਸੁਨਿਆਰੇ ਦੀ ਦੁਕਾਨ ਖੋਲ੍ਹਣ ਲਈ ਇੰਨਾ ਪੈਸਾ ਕਿੱਥੋਂ ਲਿਆਵੇਂਗਾ?''

ਕੈਦੀ, ''ਹਜ਼ੂਰ! ਸੁਨਿਆਰੇ ਦੀ ਦੁਕਾਨ ਖੋਲ੍ਹਣ ਲਈ ਤਾਂ ਸਿਰਫ਼ ਇੱਕ ਹਥੌੜੇ ਦੀ ਜ਼ਰੂਰਤ ਹੁੰਦੀ ਹੈ।''

********

ਅਧਿਆਪਕ, ''ਪੱਪੂ! ਤੂੰ ਕਲਾਸ ਵਿੱਚ ਸਭ ਤੋਂ ਪਿੱਛੇ ਹੈ।''

ਪੱਪੂ, ''ਨਹੀਂ ਸਰ, ਮੇਰੇ ਪਿੱਛੇ ਦੀਵਾਰ ਵੀ ਹੈ।''

********

ਮੈਡਮ (ਪੱਪੂ ਨੂੰ), ''ਪਾਣੀ ਵਿੱਚ ਰਹਿਣ ਵਾਲੇ ਪੰਜ ਜੀਵਾਂ ਦੇ ਨਾਮ ਦੱਸੋ?''

ਪੱਪੂ, ''ਡੱਡੂ।''

ਮੈਡਮ, ''ਵੈਰੀ ਗੁਡ! ਤੇ ਬਾਕੀ ਚਾਰ ਹੋਰ ਦੱਸੋ?''

ਪੱਪੂ, ''ਜੀ, ਉਸ ਦੀ ਮਾਂ, ਪਿਓ, ਉਸ ਦੀ ਭੈਣ ਤੇ ਉਸ ਦਾ ਭਰਾ।''

ਮਾਸਟਰ ਜੀ, ''ਦੱਸੋ, 'ਗਜ਼ਲ' ਤੇ 'ਭਾਸ਼ਣ' ਵਿੱਚ ਕੀ ਫ਼ਰਕ ਹੁੰਦਾ ਹੈ?''

ਪੱਪੂ, ''ਜੀ, ਪਰਾਈ ਔਰਤ ਦਾ ਹਰ ਸ਼ਬਦ ਗਜ਼ਲ ਹੁੰਦਾ ਹੈ ਤੇ ਪਤਨੀ ਦਾ ਹਰ ਸ਼ਬਦ ਭਾਸ਼ਣ।''

********

ਪੱਪੂ ਨੇ ਰਾਹ ਚਲਦੀ ਇੱਕ ਲੜਕੀ ਨੂੰ ਅੱਖ ਮਾਰ ਦਿੱਤੀ..

ਲੜਕੀ ਬੋਲੀ, ''ਓਏ! ਇਹ ਕੀ ਕਰ ਰਿਹਾ ਹੈ, ਮੈ ਤੈਨੂੰ ਕੋਈ ਅਜਿਹੀ ਲੜਕੀ ਦਿੱਸ ਰਹੀ ਹਾਂ?''

ਪੱਪੂ, ''ਤੁਹਾਡੀ ਗੱਲ ਬਿਲਕੁਲ ਠੀਕ ਹੈ ਮੈਡਮ, ਪਰ ਚੈਕ ਕਰਨਾ ਤਾਂ ਸਾਡਾ ਫਰਜ਼ ਬਣਦਾ ਹੈ ਨਾ।''

********

ਆਪਰੇਸ਼ਨ ਦੇ ਬਾਅਦ ਡਾਕਟਰ ਤੇ ਪ੍ਰੀਖਿਆ ਦੇ ਬਾਅਦ ਸਟੂਡੈਂਟ ਦਾ ਇੱਕੋ ਜਵਾਬ ਹੁੰਦਾ ਹੈ, ''ਕੁਝ ਕਹਿ ਨਹੀਂ ਸਕਦੇ, ਬੱਸ ਦੁਆ ਕਰੋ।''

********

ਪ੍ਰਵੀਨ, ''ਕਿੰਨਾ ਵਧੀਆ ਮੌਸਮ ਹੈ ਚਲੋ ਕਿਤੇ ਲਾਂਗ ਡਰਾਈਵ ਉੱਤੇ ਚੱਲਦੇ ਹਾਂ।''

ਸ਼ਾਮ, ''ਠੀਕ ਹੈ ਚਲਦੇ ਹਾਂ, ਪਰ ਅੱਜ ਪੈਟਰੋਲ ਤੂੰ ਪਵਾ ਦੇਵੀਂ।''

ਪ੍ਰਵੀਨ, ''ਛੱਡ ਯਾਰ, ਕੀ ਕਰਾਂਗੇ ਬਾਹਰ ਜਾ ਕੇ। ਚੱਲ ਇੱਥੇ ਹੀ ਪਕੌੜੇ ਖਾਂਦੇ ਹਾਂ।''

********

ਨੱਬੇ ਸਾਲ ਦੇ ਦਾਦਾ ਜੀ ਮੌਤ ਦੇ ਬਾਅਦ ਸਵਰਗ ਪਹੁੰਚੇ। ਸਵਰਗ ਵਿੱਚ ਪਰੀਆਂ ਦਾ ਨਾਚ ਦੇਖ ਕੇ ਦਾਦਾ ਜੀ ਜ਼ੋਰ-ਜ਼ੋਰ ਦੀ ਰੋਂਦੇ ਹੋਏ ਬੋਲੇ, ''ਯੋਗਾ ਦੇ ਚੱਕਰ ਵਿੱਚ ਨਾ ਪੈਂਦਾ ਤਾਂ ਕਦੋਂ ਦਾ ਇੱਥੇ ਪਹੁੰਚ ਗਿਆ ਹੁੰਦਾ।''

********

ਮੁੰਡਾ ਕੁੜੀ ਨੂੰ ਤੰਗ ਕਰ ਰਿਹਾ ਸੀ।

ਕੁੜੀ, ''ਤੇਰੇ ਘਰ ਮਾਂ-ਭੈਣ ਨਹੀਂ ਹਨ?''

ਮੁੰਡਾ, ''ਮਾਂ-ਭੈਣ ਤਾਂ ਹਨ, ਬਸ ਤੇਰੀ ਕਮੀ ਹੈ।''

ਕੁੜੀ, ''ਤੈਨੂੰ ਮੇਰੀ ਕਮੀ ਮਹਿਸੂਸ ਹੋ ਰਹੀ ਹੈ? ਇਹ ਗੱਲ ਜੇ ਮੇਰੇ ਪੰਜ ਭਰਾਵਾਂ ਨੂੰ ਪਤਾ ਲੱਗ ਗਈ ਤਾਂ ਤੇਰੇ ਘਰ ਵਾਲਿਆਂ ਨੂੰ ਤੇਰੀ ਕਮੀ ਮਹਿਸੂਸ ਹੋਵੇਗੀ।''

********

ਇਕ ਦਿਨ ਬਾਦਸ਼ਾਹ ਅਕਬਰ ਨੇ ਬੀਰਬਲ ਨੂੰ ਹੁਕਮ ਦਿੱਤਾ, 'ਬੀਰਬਲ ਚਾਰ ਇਹੋ ਜਿਹੇ ਮੂਰਖ ਲੱਭ ਕੇ ਲਿਆਵੋ ਜਿਹੜੇ ਇਕ-ਦੂਜੇ ਨਾਲੋਂ ਵੱਧ ਕੇ ਹੋਣ। ਇਹ ਕੰਮ ਕੋਈ ਐਨਾ ਔਖਾ ਨਹੀਂ ਹੈ ਕਿਉਂਕਿ ਸਾਡਾ ਰਾਜ ਤਾਂ ਕੀ, ਪੂਰੀ ਦੁਨੀਆ ਮੂਰਖਾਂ ਨਾਲ ਭਰੀ ਪਈ ਹੈ।

ਅਕਬਰ ਬਾਦਸ਼ਾਹ ਦੀ ਆਗਿਆ ਨਾਲ ਬੀਰਬਲ ਨਗਰ ਵਿਚ ਮੂਰਖਾਂ ਨੂੰ ਲੱਭਣ ਤੁਰ ਪਿਆ। ਤੁਰਦੇਫਿਰਦੇ ਉਸ ਨੇ ਇਕ ਆਦਮੀ ਨੂੰ ਦੇਖਿਆ, ਜਿਹੜਾ ਇਕ ਥਾਲ ਵਿਚ ਜੋੜੇ-ਬੀੜੇ ਅਤੇ ਮਠਿਆਈ ਰੱਖੀ ਕਾਹਲੀ-ਕਾਹਲੀ ਕਿਤੇ ਜਾ ਰਿਹਾ ਸੀ। ਬੀਰਬਲ ਨੇ ਬੜੀ ਮੁਸ਼ਕਿਲ ਨਾਲ ਉਸ ਨੂੰ ਰੋਕ ਕੇ ਪੁੱਛਿਆ, 'ਭਰਾ, ਇਹ ਸਮਾਨ ਲੈ ਕੇ ਤੂੰ ਕਿੱਥੇ ਜਾ ਰਿਹਾ ਹਾ?'

'ਮੇਰੀ ਔਰਤ ਨੇ ਦੂਸਰਾ ਪਤੀ ਕੀਤਾ ਹੈ, ਜਿਸ ਤੋਂ ਉਸ ਨੂੰ ਪੁੱਤਰ ਹੋਇਆ ਹੈ, ਇਸ ਲਈ ਉਸ ਨੂੰ ਵਧਾਈ ਦੇਣ ਜਾ ਰਿਹਾ ਹਾਂ', ਉਸ ਆਦਮੀ ਨੇ ਕਿਹਾ।

ਬੀਰਬਲ ਨੇ ਉਸ ਨੂੰ ਅਕਬਰ ਬਾਦਸ਼ਾਹ ਦੀ ਇਛਿਆ ਅਨੁਸਾਰ ਮੂਰਖ ਸਮਝ ਕੇ ਆਪਣੇ ਨਾਲ ਲੈ ਲਿਆ।

ਅੱਗੇ ਜਾ ਕੇ ਉਸ ਨੂੰ ਇਕ ਹੋਰ ਆਦਮੀ ਮਿਲਿਆ, ਜਿਹੜਾ ਘੋੜੀ 'ਤੇ ਬੈਠਾ ਸੀ। ਉਸ ਨੇ ਸਿਰ 'ਤੇ ਘਾਹ ਦੀ ਪੰਡ ਰੱਖੀ ਹੋਈ ਸੀ। ਬੀਰਬਲ ਨੇ ਉਸ ਤੋਂ ਪੁੱਛਿਆ, 'ਭਰਾ ਇਹ ਭਾਰ ਤੂੰ ਸਿਰ 'ਤੇ ਕਿਉਂ ਰੱਖਿਆ ਹੋਇਆ ਹੈ?'

'ਮੇਰੀ ਘੋੜੀ ਪੇਟ ਤੋਂ ਹੈ, ਇਸ ਲਈ ਭਾਰ ਨੂੰ ਆਪਣੇ ਸਿਰ 'ਤੇ ਰੱਖਿਆ ਹੈ ਕਿਉਂਕਿ ਇਸ 'ਤੇ ਰੱਖਣ ਨਾਲ ਭਾਰ ਜ਼ਿਆਦਾ ਹੋ ਜਾਵੇਗਾ।' ਉਸ ਆਦਮੀ ਨੇ ਜਵਾਬ ਦਿੱਤਾ। ਬੀਰਬਲ ਨੇ ਉਸ ਨੂੰ ਵੀ ਆਪਣੇ ਨਾਲ ਲੈ ਲਿਆ।

ਦੋਵਾਂ ਨੂੰ ਲੈ ਕੇ ਉਹ ਅਕਬਰ ਦੇ ਦਰਬਾਰ ਵਿਚ ਪਹੁੰਚਿਆ ਅਤੇ ਬਾਦਸ਼ਾਹ ਨੂੰ ਪ੍ਰਾਰਥਨਾ ਕੀਤੀ ਕਿ

ਚਾਰੋਂ ਮੂਰਖ ਹਾਜ਼ਰ ਹਨ। ਅਕਬਰ ਨੇ ਕਿਹਾ, 'ਇਹ ਤਾਂ ਸਿਰਫ਼ ਦੋ ਹਨ, ਬਾਕੀ ਦੋ ਕਿੱਥੇ ਹਨ?' ਤਦੇ ਬੀਰਬਲ ਬੋਲਿਆ, 'ਤੀਸਰੇ ਤੁਸੀਂ ਹੋ। ਜੋ ਇਹੋ ਜਿਹੇ ਮੂਰਖਾਂ ਨੂੰ ਇਕੱਠਾ ਕਰਦੇ ਹੋ ਅਤੇ ਚੌਥਾ ਮੈਂ ਹਾਂ ਜੋ ਲੱਭ ਕੇ ਲਿਆਇਆ ਹਾਂ।

ਦੁਕਾਨਦਾਰ, ''ਮੈਂ ਤੁਹਾਨੂੰ ਦੁਕਾਨ ਦੀ ਇੱਕ-ਇੱਕ ਚੱਪਲ ਦਿਖਾ ਦਿੱਤੀ ਹੈ, ਬਾਕੀ ਤਾਂ ਇੱਕ ਵੀ ਨਹੀਂ ਬਚੀ।''ਔਰਤ, ''ਉਹ ਸਾਹਮਣੇ ਵਾਲੇ ਡੱਬੇ ਵਿੱਚ ਕੀ ਹੈ, ਦਿਖਾਇਓ ਜ਼ਰਾ?''

ਦੁਕਾਨਦਾਰ,''ਭੈਣ ਜੀ, ਰਹਿਮ ਕਰੋ, ਉਸ ਵਿੱਚ ਮੇਰਾ ਲੰਚ ਹੈ।''

*******

ਗਵਾਂਢੀ ਨੇ ਕਿਹਾ: ''ਡਾਕਟਰ ਸਾਹਿਬ, ਤੁਹਾਡਾ ਇਹ ਮਰੀਜ਼ ਠੀਕ ਹੋ ਰਿਹਾ ਹੈ, ਤੁਸੀਂ ਪ੍ਰੇਸ਼ਾਨ ਕਿਉਂ ਹੋ?''

ਡਾਕਟਰ, ''ਮੈਨੂੰ ਇਹ ਪਤਾ ਨਹੀਂ ਲੱਗ ਰਿਹਾ ਕਿ ਇਹ ਕਿਸ ਦਵਾਈ ਨਾਲ ਠੀਕ ਹੋਇਆ ਹੈ।''

*******

ਪਤੀ, ''ਤੂੰ ਮੈਨੂੰ ਗੱਲ-ਗੱਲ ਉੱਤੇ ਮਾਂ ਦੇ ਕੋਲ ਜਾਣ ਦੀ ਧਮਕੀ ਦਿੰਦੀ ਏਂ, ਇਹ ਕੋਈ ਚੰਗੀ ਗੱਲ ਹੈ?''

ਪਤਨੀ, ''ਠੀਕ ਹੈ, ਹੁਣ ਮੈਂ ਜਾਣ ਦਾ ਇਰਾਦਾ ਛੱਡ ਦਿੱਤਾ ਹੈ, ਮਾਂ ਨੂੰ ਇਥੇ ਬੁਲਾ ਲਵਾਂਗੀ।''

*******

ਸੰਜੂ ਆਟੋ ਵਿੱਚ ਸਫ਼ਰ ਕਰ ਰਿਹਾ ਸੀ..

ਆਟੋ ਵਾਲਾ, ''30 ਰੁਪਏ ਹੋਏ ਸਾਬ੍ਹ ਜੀ।''

ਸੰਜੂ ਨੇ ਉਸ ਨੂੰ 15 ਰੁਪਏ ਦਿੱਤੇ..

ਆਟੋ ਵਾਲਾ, ''ਇਹ ਤਾਂ ਅੱਧੇ ਹਨ ਸਾਬ੍ਹ ਜੀ?''

ਸੰਜੂ, ''ਹਾਂ, ਤੂੰ ਵੀ ਤਾਂ ਬੈਠ ਕੇ ਆਇਆ ਹੈ, ਬਾਕੀ ਅੱਧਾ ਕਿਰਾਇਆ ਤੂੰ ਦੇ।''

*******

ਜੱਜ (ਮੁਜ਼ਰਮ ਨੂੰ), ''ਤੂੰ ਸਮਾਜ ਲਈ ਕਿਹੜਾ ਭਲਾ ਕੰਮ ਕੀਤਾ ਹੈ?'' ਮੁਜ਼ਰਮ, ''ਸਾਬ੍ਹ, ਸਾਡੇ ਕਾਰਨ ਹੀ ਪੁਲਸ ਅਤੇ ਅਦਾਲਤ ਵਿੱਚ ਲੱਖਾਂ ਲੋਕਾਂ ਨੂੰ ਨੌਕਰੀ ਮਿਲੀ ਹੋਈ ਹੈ।''

*******

ਇੱਕ ਟੈਕਸੀ ਚਾਲਕ ਨੂੰ ਚੱਲਦੀ ਹੋਈ ਟੈਕਸੀ ਵਿੱਚ ਪਿੱਛੇ ਬੈਠੇ ਮੁਸਾਫਰ ਨੇ ਪਿੱਛੋਂ ਹੀ ਕੁਝ ਕਹਿਣ ਲਈ ਉਸ ਦੇ ਮੋਡੇ ਉੱਤੇ ਹੱਥ ਰੱਖਿਆ ਤਾਂ ਚਾਲਕ ਚੀਕਿਆ ਤੇ ਟੈਕਸੀ ਦਾ ਸੰਤੁਲਨ ਗਵਾ ਬੈਠਾ ਤੇ ਟੈਕਸੀ ਫੁਟਪਾਥ ਉੱਤੇ ਚੜ੍ਹ ਗਈ।

ਮੁਸਾਫ਼ਰ ਨੇ ਡਰਾਈਵਰ ਨੂੰ ਕਿਹਾ, ''ਮੈਨੂੰ ਨਹੀਂ ਪਤਾ ਸੀ ਕਿ ਮੇਰੇ ਹੱਥ ਲਾਉਣ ਨਾਲ ਤੁਹਾਡਾ ਧਿਆਨ ਭਟਕ ਜਾਵੇਗਾ।''ਟੈਕਸੀ ਡਰਾਇਵਰ ਬੋਲਿਆ,''ਤੁਹਾਡੀ ਗਲਤੀ ਨਹੀਂ। ਟੈਕਸੀ ਚਲਾਉਣ ਦਾ ਅੱਜ ਮੇਰਾ ਪਹਿਲਾ ਦਿਨ ਹੈ। ਪਿਛਲੇ 24 ਸਾਲਾ ਤੋਂ ਮੈਂ ਮੁਰਦੇ ਢੋਣ ਵਾਲੀ ਗੱਡੀ ਚਲਾ ਰਿਹਾ ਸੀ।''

*******

ਸੋਨੂੰ, ''ਮੇਰੇ ਪਿਤਾ ਜੀ ਪਹਿਲਾਂ ਹੇਠਾਂ ਵਾਲੇ ਵਿਭਾਗ ਵਿੱਚ ਕੰਮ ਕਰਦੇ ਸਨ, ਅੱਜਕੱਲ੍ਹ ਉਹ ਉਪਰ ਬਾਲ ਵਿਭਾਗ ਵਿੱਚ ਕੰਮ ਕਰਦੇ ਹਨ।''

ਮੋਨੂੰ, ''ਵਾਹ, ਉਨ੍ਹਾਂ ਦਾ ਪ੍ਰਮੋਸ਼ਨ ਹੋ ਗਿਆ। ਉਹ ਪਹਿਲਾਂ ਕੀ ਕਰਦੇ ਸਨ ਅਤੇ ਅੱਜਕੱਲ੍ਹ ਕੀ ਕਰਦੇ ਹਨ?'' ਸੋਨੂੰ, ''ਪਹਿਲਾਂ ਉਹ ਬੂਟ ਪਾਲਿਸ਼ ਕਰਦੇ ਸਨ, ਅੱਜਕੱਲ੍ਹ ਤੇਲ ਮਾਲਿਸ਼ ਕਰਦੇ ਹਨ।''

*******

ਵੀਰੂ, ''ਮੈਂ ਆਪਣੇ ਜੀਵਨ ਤੋਂ ਬੇਜਾਰ ਹੋ ਗਿਆ ਹਾਂ। ਮੈਨੂੰ ਰਾਹਤ ਪੁਚਾਉਣ ਲਈ ਮੂੰਹੋਂ ਦੋ ਸ਼ਬਦ ਕਹਿ ਦਿਓ।''

ਵਿੱਕੀ, ''ਗੈਟ ਆਊਟ।''



# ਨਾਨਕੇ

ਸੰਤਾ ਸਿੰਘ ਨੇ ਪਿੰਡ ਦੇ ਨਾਲ ਲਗਦੀ ਜ਼ਮੀਨ ਵੇਚ ਲਈ ਅਤੇ ਪਿੰਡ ਤੋਂ ਦੂਰ ਜੰਗ਼ਲ ਖਰੀਦ ਲਿਆ। ਜੰਗ਼ਲ ਖਰੀਦਣ ਨਾਲ ਉਸ ਦੀ ਜ਼ਮੀਨ ਚਾਰ ਗੁਣਾ ਹੋਰ ਵੱਧ ਗਈ।ਉਸਨੇ ਇਹ ਜ਼ਮੀਨ ਆਪਣੇ ਤਿੰਨ ਮੁਡੇਆਂ ਨੂੰ ਦੇਖਦੇ ਹੋਏ ਖਰੀਦੀ ਸੀ।ਉਸ ਦੇ ਤਿੰਨੇ ਮੰਡੇ ਤਕੜੇ ਜੁਆਨ ਸਨ।ਉਸ ਦੀਆਂ ਬਲਦਾਂ ਦੀਆ਼ ਦੋ ਜੋੜੀਆਂ ਵੀ ਉਤਨੀਆਂ ਹੀ ਤਕੜੀਆਂ ਸਨ ਜਿੰਨੇ ਉਸਦੇ ਮੁੰਡੇ ਤਕੜੇ ਸਨ।ਇਸ ਕਰਕੇ ਹੀ ਉਸਨੇ ਧਾਰ ਲਈ ਸੀ ਕੇ ਅਸੀ ਜੰਗ਼ਲ ਤਾਂ ਦਿਨਾਂ ਵਿੱਚ ਹੀ ਪੁੱਟ ਸਿਟਣਾ।ਇਹ ਇਕ ਉਸ ਅੰਦਰ ਧੁਨ ਲੱਗੀ ਹੋਈ ਸੀ।ਉਸ ਨੇ ਇਹ ਸੋਚਿਆ ਹੀ ਨਹੀਂ ਸੀ ਕੇ ਧੀਆਂ ਵੀ ਜੁਆਨ ਹੋ ਰਿਹੀਆਂ ਹਨ।ਉਨਾ ਦੇ ਵੀ ਵਿਆਹ ਕਰਨੇ ਹਨ ਪਰ ਉਸਨੇ ਤਾਂ ਜ਼ਮੀਨ ਵਧਾਉਣੀ ਸੀ। ਮੁੰਡਿਆ ਦਾ ਫਿਕਰ ਸੀ ਕੇ ਇੰਨਾਂ ਤਿੰਨਾਂ ਦੇ ਘਰ ਕਿਸ ਤਰਾਂ ਬਸਣਗੇ।ਸੰਤਾ ਸਿੰਘ ਨੇ ਅਤੇ ਉਸ ਦੇ ਪੁੱਤਾਂ ਨੇ ਦਿਨ ਰਾਤ ਇਕ ਕਰ ਦਿੱਤਾ ਸੀ ਜੰਗ਼ਲ ਨੂੰ ਮੰਗਲ ਵਿੱਚ ਬਦਲਣ ਲਈ। ਪਿੰਡ ਵਾਲਾ ਘਰ ਵੀ ਵੇਚ ਦਿੱਤਾ ਅਤੇ ਘਰ ਵੀ ਜੰਗ਼ਲ ਵਿੱਚ ਵਸਾ ਲਿਆ।ਧੀਆਂ ਦੀ ਮਾਂ ਫਿਕਰਾ ਵਿੱਚ ਮਰ ਰਿਹੀ ਸੀ ਪਰ ਉਸ ਨੂੰ ਇਹ ਵੀ ਪਤਾ ਸੀ ਮੇਰੀ ਕੇਹੜੀ ਉਸਨੇ ਸੁਣਨੀ। ਜੋ ਪੈਸਾ ਘਰ ਆਉਂਦਾ ਸੰਤਾ ਸਿੰਘ ਸਾਰਾ ਜ਼ਮੀਨ ਵਿੱਚ ਲਗਾਈ ਜਾ ਰਿਹਾ ਸੀ।ਬੰਤ ਕੌਰ ਇਕ ਦਿਨ ਜਾ ਬੈਠੀ ਆਪਣੀ ਜਠਾਣੀ ਦੇ ਘਰ, ਬੀਬੀ ਤੂੰ ਹੀ ਆਪਣੇ ਦੇਰ ਨਾਲ ਗੱਲ ਕਰ ਤੇਰੇ ਕਦੀ ਕਦੀ ਆਖੇ ਲੱਗ ਜਾਂਦਾ ਹੁੰਦਾ ,ਬੰਤ ਕੌਰੇ ਤੂੰ ਕੇਹੜੀ ਗੱਲ ਮਨਾਉਣੀ ਆਂ, ਚੁੱਪ ਕਰਕੇ ਰੋਟੀ ਖਾ ਤਾਂ ਸ਼ਾਨਤੀ ਨਾਲ ਵਕਤ ਕੱਢ । ਬੀਬੀ ਮੈਂ ਤਾਂ ਆਪਣਾ ਵਕਤ ਕੱਢ ਲਉਂ, ਜੇਹੜੀਆਂ ਧੀਆਂ ਵੇਲ ਵਾਙ ਵੱਧ ਰਹੀਆਂ ਮੈਂ ਤਾਂ ਉੰਨਾਂ ਵਾਰੇ ਗੱਲ ਕਰਦੀ ਹਾਂ । ਬੰਤ ਕੌਰੇ ਉਸਨੂੰ ਵੀ ਤਾਂ ਦਿਸਦਾ ਹੀ ਹੈ। ਬੀਬੀ ਮੈਨੂੰ ਤਾਂ ਲਗਦਾ ਉਸ ਨੂੰ ਕੁੜੀਆਂ ਤਾਂ ਦਿਸਦੀਆਂ ਹੀ ਨਹੀਂ , ਨਹੀਂ ਬੰਤ ਕੌਰੇ ਇੱਦਾਂ ਦਾ ਤਾਂ ਨਹੀਂ ।ਫ਼ਜ਼ੂਲ ਖ਼ਰਚੀ ਤਾਂ ਨਹੀਂ ਕਰਦਾ,ਜ਼ਮੀਨ ਵੀ ਤੇਰੀ ਹੀ ਬਣ ਜਾਣੀਆਂ ਤੇਰੇ ਪੁੱਤ ਆਰਾਮ ਦੀ ਜ਼ਿੰਦਗੀ ਕੱਟਣਗੇ ।ਬੰਤ ਕੌਰੇ ਤੂੰ ਫਿਕਰ ਨਾਂ ਕਰ , ਕਿਸੇ ਵੇਲੇ ਇਧਰ ਆਇਆ ਤਾਂ ਗੱਲ ਕਰੂਗੀ। ਚੰਗਾ ਬੀਬੀ ਚੱਲਦੀਆਂ ।ਮੱਝਾਂ ਚੋਣ ਦਾ ਵੇਲਾਂ ਹੋ ਗਿਆ। ਸਿਰ ਖੁਰਕਣ ਦਾ ਵੇਹਲ ਨਹੀਂ ਪਰ ਮੈਂ ਕਿਹਾ ਆਪਣਾ ਦਿਲ ਹਲਕਾ ਕਰ ਹੀ ਆਵਾਂ ਬੀਬੀ ਨਾਲ।ਮਾਂ ਅੱਜ ਆਪਣੇ ਕੋਠੇ ਤੇ ਕਾਂ ਬਹੁਤ ਹੀ ਬੋਲਦਾ ਸੀ। ਚਰਨੋ ,ਤਾਂ ਕੋਈ ਪਰਾਊਣਾ ਆਉਣਾ ਹੋਵੇਗਾ। ਚੰਗਾਕੋਈ ਪਰਾਉਣਾਹੀ ਆ ਜਾਵੇ ਇਸ ਜੰਗ਼ਲ ਵੱਲ ਕੋਈ ਆਉਦਾ ਵੀ ਨਹੀ।ਕਿਸੇ ਦੀ ਖ਼ਬਰ ਸਾਰ ਹੀ ਮਿਲੇ। ਆ ਜਾ ਆਪਾਂ ਦੋਵੇਂ ਆਟਾ ਪੀਹ ਲਈਏ।ਆਟਾ ਪੀਹੀਦੀਆਂ ਦੋਨੋ ਗੀਤ ਗਾਉਣ ਲੱਗ ਪਈਆਂ ।ਉਡਦਾ ਵੀ ਜਾਵੀ ਵੇ ਕਾਵਾਂ ਬੈਹਦਾ ਵੀ ਜਾਵੀ ਜਾਈ ਬੈਠੀ ਮੇਰੇ ਪੇਕੜੇ ਇਕ ਨਾਂ ਦੱਸੀ ਮੇਰੇ ਬਾਪ ਰਾਜੇ ਨੂੰ ਰੋਵੇਗਾ ਭਰੀ ਕਚੈਹਰੀ ਛੋੜਕੇ ਮਾਂ ਭਾਈਏ ਨੂੰ ਤਾਂ ਮੇਰੀ ਯਾਦ ਕਦੇ ਵੀ ਨਹੀਂ ਆਉਣੀ ਨਾਂ ਚਰਨੋ ਇੱਦਾਂ ਨਹੀਂ ਕਹੀਦਾ ਜਦ ਕੁੜੀਆਂ ਸੌਹਰੀਂ ਚਲੀਆਂ ਜਾਂਦੀਆਂ ਹਨ ਫਿਰ ਬਹੁਤ ਜਾਦ ਆਉਂਦੀਆਂ ਮਾਂ ਪਿਓ ਨੂੰ ।ਤੈਨੂੰ ਤਾਂ ਯਾਦ ਆਉਗੀ ਮੈਂ ਤਾਂ ਭਾਈਏ ਦੀ ਗੱਲ ਕਰਦੀ ਸੀ।ਉੱਡਦਾ ਵੀ ਜਾਵੀ ਵੇ ਕਾਂਵਾ ਬੈਹੰਦਾ ਵੀ ਜਾਵੀ ਜਾਏ ਬੈਠੀ ਮੇਰੇ ਪੇਕੜੇ ਇਕ ਨਾਂ ਦੱਸੀ ਮੇਰੀ ਮਾਂ ਰਾਣੀ ਨੂੰ ਰੋਏਗੀ ਘਰ ਦਾ ਧੰਦਾ ਛੋੜਕੇ ਉਡਦਾ ਵੀ ਜਾਵੀ ਵੇ ਕਾਵਾਂ ਬੈਹਦਾ ਵੀ ਜਾਵੀ ਜਾਏ ਬੈਠੀ ਮੇਰੇ ਪੇਕੜੇ ਇਕ ਨਾਂ ਦੱਸੀ ਮੇਰੀ ਭੈਣ ਰਾਣੀ ਨੂੰ ਰੋਏਗੀਭਰੇਆ ਤਿਰਿਜਣ ਛੋੜਕੇ ਉੱਡਦਾ ਵੀ ਜਾਵੀ ਵੇ ਕਾਵਾਂ ਬੈਹਦਾ ਵੀ ਜਾਵੀ ਜਾਏ ਬੈਠੀ ਮੇਰੇ ਪੇਕੜੇ ਇਕ ਨਾਂ ਦੱਸੀ ਮੇਰੀ ਭਾਬੋ ਰਾਣੀ ਨੂੰ ਰੋਵੇਂਗੀ ਨੰਨਾ ਮੁੰਨਾ ਛੋੜਕੇ ਉੱਡਦਾ ਵੀ ਜਾਵੀ ਵੇ ਕਾਵਾਂ ਬੈਹਦਾ ਵੀ ਜਾਵੀ ਜਾਏ ਬੈਠੀ ਮੇਰੇ ਪੇਕੜੇ ਜਾਏ ਦੱਸੀ ਮੇਰੇ ਵੀਰ ਰਾਜੇ ਨੂੰ ਆਵੇਗਾ ਨੀਲਾ ਘੋੜਾ ਪੀੜਕੇ ਆਵੇਗਾ ਨੀਲਾ ਘੋੜਾ ਪੀੜਕ।ਚਰਨੋ, ਲੈ ਤੂੰ ਆਟਾ ਕਠਾ ਕਰ ,ਮੈਂ ਸ਼ਲਗਮ ਪੁੱਟ ਲਿਆਵਾਂ ।ਸ਼ਿਦੋ ਤੂੰ ਚੂ਼ਲੇ ਅੱਗੇ ਪਾਥੀਆਂ ਲਿਆ ਕੇ ਰੱਖ ਮੈਂ ਹੁਣੇ ਆਈ।

ਸ਼ਲਗਮ ਧੋਂਦੀ ਧੋਂਦੀ ,ਰਾਮ ਤੂੰ ਹੈਂ ਰਾਮ ਤੂੰ ਹੈਂ ਦਾ ਜਾਪ ਕਰ ਰਿਹੀ ਸੀ ,ਇਹ ਆਦਤ ਉਸਦੀ ਪੱਕੀ ਸੀਉਹ ਉਠਦੀ ਬੈਠਦੀ, ਮੱਝ ਚੋਂਦੀ ਘਰ ਦਾ ਕੰਮ ਧੰਦਾ ਕਰਦੀ ਰਾਮ ਤੂੰ ਹੈ ਦਾ ਜਾਪ ਕਰਦੀ ਰਹਿੰਦੀ ਸੀ।ਸ਼ਲਗਮਾਂ ਦਾ ਟੋਕਰਾ ਚੁੱਕ ਕੇ ਢੂਹੀ ਨੂੰ ਸਿਦਾ ਕੀਤਾ।ਉਹ ਥੱਕ ਗਈ ਸੀ ਪਰ ਅਜੇ ਤਾਂ ਕੰਮ ਬਹੁਤ ਕਰਨ ਵਾਲੇ ਸਨ।ਦੂਰੋਂ ਹੀ ਕਿਸੇ ਦੇ ਰਾਮ ਸੱਤ ਕਹਿਣ ਦੀ ਆਵਾਜ ਆਈ। ਜੁਆਲਾ ਸਾਦਭਗਮੇ ਕੱਪੜੇ ਪਾਈ ਇਧਰ ਹੀ ਆ ਰਿਹਾ ਸੀ।ਰਾਮ ਸੱਤ ,ਰਾਮ ਸੱਤ ਭਾਈ। ਲੈ ਅੱਜ ਸਾਡੇ ਕੋਠੇਤੇ ਕਾਂ ਬਹੁਤ ਹੀ ਬੋਲਦਾ ਸੀ ਚਰਨੋਕਹਿੰਦੀ ਸੀ ਅੱਜ ਸਾਡੇ ਕੋਈ ਪਰਾਉਣਾਆਉਗਾ ।ਕੁੜੇ ਸ਼ਿਦੋ ਮੰਜਾ ਸਿਦਾ ਕਰ ਭਾਈ ਜੀ ਆਏ ਹਨ। ਸ਼ਿਦੋ ਨੇ ਚੁੱਪ ਕੀਤੀ ਨੇ ਮੰਜਾ ਸਿਦਾ ਕਰ ਦਿੱਤਾ ।ਚਰਨੋ ਲੈ ਆ ਗਏ ਪਰਾਉਣੇ ਤੂੰ ਕਹਿੰਦੀ ਸੀ ਕਾਂ ਬੋਲਦਾ ।ਪਾਣੀ ਦਾ ਗਲਾਸ ਲਿਆ ਭਾਈ ਼ਲਈ।ਚਰਨੋ ਪਾਣੀ ਦਾ ਗਲਾਸ ਚੁੱਪ ਚਪੀਤੇ ਫੜਾ ਗਈ।ਭਾਈ ਜੀ ਮੰਜੇ ਤੇ ਬੈਠ ਗਏ।ਬੰਤ ਕੌਰ ਪੀੜੀ ਤੇ ਬੈਠੀ ਸ਼ਲਗਮ ਕੱਟਣ ਲੱਗ ਪਈ।ਭਾਈ ਜੀ ਅੱਜ ਕਿਧਰੋ ਆਏ ਹੋ,ਬੀਬੀ ਮੈਂ ਤਾਂ ਕੋਟਲੀ ਤੋਂ ਆਇਆ ਉਥੇ ਵੀ ਤੇਰੇ ਵਰਗੀ ਬੀਬੀਚੰਦ ਕੌਰ ਦਾ ਪਰਵਾਰ ਬਹੁਤ ਹੀ ਚੰਗਾ ਤੇ ਪਿਆਰ ਕਰਨ ਵਾਲਾ ਹੈ। ਭਾਈ ਜੀ ਤੁਸੀਂ ਤਾਂ ਲੋਕਾਂ ਨੂੰ ਮਿਲਦੇ ਰਹਿੰਦੇ ਹੋ ਕੋਈ ਮੁੰਡੇ ਦੀ ਹੀ ਦਸ ਪਾਓ ਚਰਨੋ ਲਈ, ਬੀਬੀ ਤੈਨੂੰ ਲਗਦਾ ਮੈਂ ਇਸ ਗੱਲ ਦਾ ਖਿਆਲ ਨਹੀਂ ਰੱਖਦਾ ।ਕੱਪੜੇ ਤਾਂ ਮੈਂ ਬੇਸ਼ਕ ਭੰਗਮੇ ਹੀ ਪਾਏ ਹੋਏ ਹਨ ਪਰ ਤੁਹਾਡੇ ਸਾਰੇਂਆ ਦੀ ਗ੍ਰਿਸਤੀ ਜ਼ਿੰਦਗੀਆ ਦਾ ਹਿੱਸੇਦਾਰ ਮੈਂ ਵੀ ਹਾਂ ਬੱਚੇ ਤਾਂ ਸਾਰੇਆ ਦੇ ਸਾਂਝੇ ਹੀ ਹੁੰਦੇ ਹਨ। ਬੀਬੀ ਚੰਦ ਕੌਰ ਦੇ ਵਡੇ ਮੁੰਡੇ ਵਾਰੇਉਸ ਨਾਲ ਗੱਲ ਕਰਕੇ ਆਇਆ ਹਾਂ ।ਬਹੁਤ ਚੰਗਾ ਪਰਵਾਰ ਹੈ ਜਗਤ ਸਿੰਘ ਤਾਂ ਲੈਣ ਦੇਣ ਵਿੱਚ ਵੀ ਜਕੀਨ ਨਹੀਂ ਕਰਦੇ।ਭਾਈ ਜੀ ਇੱਥੇ ਕੇਹੜਾ ਸੰਤਾ ਸਿੰਘ ਨੇ ਮੱਝਾਂ ਖੋਲ ਕੇ ਫੜਾ ਦੇਣੀਆ।ਚੰਗਾ ਬੀਬੀ ਮੈਂ ਦੇਖ ਆਵਾ ਮੁੰਡਿਆ ਨੂੰ ਕੀ ਕਰਦੇਆ।ਚੰਗਾ ਭਾਈ ਜੀ ਉੰਨਾਂ ਨੂੰ ਦਸ ਦਿਓ ਰੋਟੀ ਤਿਆਰ ਹੀ ਸਮਝਣ ।

ਪੰਜੇ ਜਣੇ ਆਗਏ ,ਚਲ੍ਹਾ ਪਾਣੀ ਨਾਲ ਭਰਿਆ ਹੋਇਆ ਸੀ, ਸਾਰੇਆ ਨੇ ਟੁਬੀਆ ਮਾਰੀਆਂ ਤੇ ਆ ਬੈਠੇ ਮੰਜੇਆ ਉਤੇ ਖਾਣ ਲਈ। ਚਰਨੋ ਚੁੱਪ ਕਰਕੇ ਥਾਲ ਮਾਂ ਕੋਲੋਂ ਫੜਦੀ ਤੇ ਸਾਰੇਆ ਅੱਗੇ ਰੱਖੀ ਜਾਂਦੀ ਅਤੇ ਸ਼ਿਦੋ ਪਾਣੀ ਦੇ ਗਲਾਸ ਰੱਖ ਆਈ।ਹੁਣ ਰੋਟੀਆ ਦਾ ਛਾਬਾ ਚੁੱਕ ਕੇ ਹੋਰ ਰੋਟੀ ਪੁੱਛਣ ਲਈ ਬੰਤ ਕੌਰ ਆਪ ਗਈ।ਗੱਲ ਸ਼ੁਰੂ ਕਰਦੀ ਹੋਈ ਬੋਲੀ , ਚਰਨੋ ਦਾ ਭਾਈਆ,ਭਾਈ ਜੀ ਕਿਸੇ ਮੁੰਡੇ ਦੀ ਦਸ ਪਾਉਂਦੇ ਨੇ, ਕਹਿੰਦੇ ਆ ਬੜਾ ਚੰਗਾ ਟੱਬਰ ਆ ਅਤੇ ਲੈਣਾ ਦੇਣਾ ਵੀ ਨਹੀਂ ਕਰਨਾ ਚਾਹੁੰਦੇ ।ਸੰਤਾ ਸਿੰਘ “ ਭਾਈ ਜੀ ਕੇਹੜੇ ਪਿੰਡ ਦੇ ਹਨ।ਸੰਤਾ ਸਿਆ; ਕੋਟਲੀ ਥਾਨ ਸਿੰਘ ਦੇ ਹਨ। ਮੁੰਡੇ ਦਾ ਪਿਓ ਅਮਰੀਕਾ ਤੋਂ ਆਇਆ ਹੋਇਆ ਹੈ। ਵਿਆਹ ਜਲਦੀ ਕਰਨਾ ਚਾਹੁੰਦੇ ਹਨ। ਵਿਆਹ ਤਾਂ ਕਰ ਦਿਆਗੇ ਪਰ ਤੁਹਾਨੂੰ ਪਤਾ ਹੀ ਹੈ ਜ਼ਮੀਨ ਤੇ ਬਹੁਤ ਖਰਚ ਹੋ ਗਿਆ, ਇਸ ਵਾਰੇ ਉਂਨਾਂ ਨਾਲ ਗਲ ਪਹਿਲਾ ਹੀ ਕਰ ਲਓ। ਸਾਡੇ ਵੱਲੋਂ ਤਾਂ ਹਾਂ ਹੀ ਹੈ। ਜੇ ਤੁਹਾਨੂੰ ਭਾਈ ਜੀ ਠੀਕ ਲੱਗਦੇ ਤਾਂ ਸਾਨੂੰ ਤਾਂ ਫਿਰ ਸੋਚਣ ਦੀ ਲੋੜ ਹੀ ਨਹੀਂ ।ਬੰਤ ਕੌਰ, ਭਾਈ ਜੀ ਨੂੰ ਪ ਰੁਪੀਏ ਦਿਓ ਤਾਂ ਜੋ ਮੁੰਡੇ ਦਾ ਰੋਕਾ ਕਰ ਆਉਣ ।ਬੰਤ ਕੌਰ ਅਗਲੇ ਦਿਨ ਬੀਬੀ ਕੋਲ ਆਪਣਾ ਦਿਲ ਹਲਕਾ ਕਰਨ ਪਾਹੁੰਚ ਗਈ।ਬੀਬੀ, ਜੁਆਲਾ ਭਾਈ ਜੀ ਆਏ ਸੀ।ਉਹ ਚਰਨੋ ਲਈ ਮੁੰਡੇ ਦੀ ਦਸ ਪਾ ਕੇ ਗਏ ਹਨ ਪਰ ਮੁੰਡੇ ਵਾਲੇ ਵਿਆਹ ਜਲਦੀ ਕਰਨਾ ਚਾਹੁੰਦੇਆ, ਤੇਰੇ ਦੇਰ ਦੇ ਪੱਲੇ ਤਾਂ ਧੇਲਾ ਨਹੀਂ ਸਾਰੇ ਜ਼ਮੀਨ ਵਿੱਚ ਹੀ ਲੱਗੀ ਜਾਦੇਆ। ਬੰਤ ਕੌਰੇ, ਤੂੰ ਇੱਦਾਂ ਦੀਆ ਗੱਲਾਂ ਨਾਂ ਕਰਿਆ ਕਰ,ਕਦੀ ਕੋਈ ਕੰਮ ਵੀ ਰੁਕਿਆ,ਤੇਰਾ ਰਾਮ ਆਪੇਕਰੁਗਾ। ਜਿਸ ਨੂੰ ਤੂੰ ਦਿਨ ਰਾਤ ਜਪਦੀ ਰਿੰਹਦੀਆ ਆਪੇ ਆ ਬਹੁੜੇਂਗਾ ।ਬੀਬੀ ਤੇਰੇ ਨਾਲ ਗੱਲ ਕਰਕੇ ਮੈਨੂੰ ਥੋੜ੍ਹਾ ਧਰਾਸ ਮਿਲ ਜਾਂਦਾ । ਕੁਝ ਦਿਨਾਂ ਬਾਹਦ ਹੀ ਭਾਈ ਜੁਆਲਾ ਜੀ ਵਾਪਸ ਆ ਪਾਹੁੰਚੇ । ਬੀਬੀ ਬੰਤ ਕੋਰੇ ਮੈਂ ਤਾਂ ਚਰਨੋ ਬੀਬੀ ਦਾ ਰਿਸ਼ਤਾ ਪੱਕਾ ਕਰ ਆਇਆ। ਵਿਆਹ ਦੀਆ ਤਿਆਰੀ ਕਰੋ ਅਤੇ ਤਰੀਕ ਦਸ ਦਿਓ।ਕੁਝ ਮਹੀਨੇਆ ਵਿੱਚ ਹੀ ਚਰਨੋ ਦਾ ਵਿਆਹ ਹੋਗਿਆ ਨਾਂ ਦਿੱਤਾ ਨਾਂ ਕੁਝ ਲਿਆ।ਇਕ ਅਮਰੀਕਾ ਤੋਂ ਆਇਆ ਹੋਇਆ ਕੌਮਨਿਸਟ ਦੁਜਾ ਅਕਾਲੀ , ਕੁੜਮ ਬਣ ਗਏ।ਬੰਤ ਕੌਰ ਨੇ ਅਤੇ ਬੀਬੀ ਨੇ ਇਦਰੋ ਉਦਰੋ ਕੁਝ ਸੂਟ ਕਠੇ ਕੀਤੇ ਕੁਝ ਸੰਦੂਕਾਂ ਵਿੱਚੋਂ ਫਲਕਾਰੀਆ ਕਡੀਆ ਸੰਤਾ ਸਿੰਘ ਆਪਣੀ ਧੀ ਲਈ ਇਕ ਬਹੁਤ ਸੋਹਣਾ ਸੰਦੂਕ ਜਿਸ ਉਤੇ ਪਿੱਤ਼ਲ ਦੀਆ ਮੋਰਨੀਆਂ ਅਤੇਚਿੜੀਆ ਲਗੀਆਂ ਹੋਈਆ ਲੈ ਆਇਆ ਸੀ। ਬੰਤ ਕੌਰ ਨੇ ਆਪਣੀ ਮਾਂ ਤਾਂ ਦੇਖੀ ਹੀ ਨਹੀ ਸੀ ਹੁਣ ਤਾਂ ਇਕ ਭਰਾ ਸੀ। ਉਸ ਨੂੰ ਆਖ ਆਈ ਸੀ ਵੀਰਾ ਮੇਰੀ ਧੀ ਨੂੰ ਸੋਨੇ ਦੀ ਟੂੰਬ ਬਣਾਦੇ ਹੋਰ ਕੁਝ ਕਿਸੇ ਲਈ ਨਾਂ ਲਿਆਈ ਅਸੀਂ ਕਿਸੇ ਨੂੰ ਨਾਨਕੀ ਸ਼ੱਕ ਜਾ ਦਾਜ ਦਿਖਾਉਣਾ ਹੀ ਨਹੀਂ। ਸਾਨੂੰ ਤਾਂ ਰਾਮ ਦੀ ਮੇਹਰ ਨਾਲ ਕੁੜਮ ਬੜੇ ਚੰਗੇ ਮਿਲੇਆ। ਉਂਨਾਂ ਨੇ ਤਾਂ ਕੁਝ ਲੈਣਾ ਦੇਣਾਕਰਨਾ ਹੀ ਨਹੀਂ । ਪਰ ਮੈਂ ਕਹਿੰਦੀ ਹਾਂ ਨਾਨਕੇਆ ਵੱਲੋਂ ਟੂੰਬ ਹੋ ਜਾਉ ਤਾਂ ਚਰਨੋ ਦਾ ਮਨ ਖੁਸ਼ ਹੋ ਜਾਉ। ਚੰਗਾ ਬੀਬੀ ਜ਼ਿੰਦਾ ਤੈਨੂੰ ਠੀਕ ਲਗਦਾ। ਚਰਨੋ ਦਾ ਵਿਆਹ ਬਿਨਾ ਖਰਚ ਕੀਤੇ ਹੀ ਹੋ ਗਿਆ। ਸੰਤਾ ਸਿੰਘ ਦੀ ਜ਼ਮੀਨ ਸੋਨਾ ਉਗਲਣ ਲੱਗੀ ।ਪੁੱਤਾਂ ਨੇ ਮੇਹਨਤ ਕੀਤੀ।ਸੰਤਾ ਸਿੰਘ ਨੇ ਖੂਹ ਲਗਾ ਲਏ ਅਤੇ ਪਸ਼ੁਆ ਦੀ ਭਰਮਾਰ ਹੋ ਗਈ। ਕੰਮ ਕਰਨ ਵਾਲੇਆ ਦੀ ਵੀ ਭਰਮਾਰ ਸੀ। ਗੰਨੇ ਮਿੱਲਾਂ ਨੂੰ ਜਾਣ ਲਗੇ,ਝੋਨਾ, ਸਰੋ, ਡੋਡੇ,ਤਮਾਖੂ, ਸਬਜ਼ੀਆਂ,ਦਾਲਾਂ ਕਣਕ ,ਮੱਕੀ ,ਕੋਈ ਚੀਜ਼ ਨਹੀਂ ਜੇਹੜੀ ਉਹਨਾਂ ਦੇ ਨਹੀਂ ਸੀ ਉਗਦੀ।ਪੈਸੇਆ ਦੇ ਢੇਰ ਆਉਦੇ। ਪਰ ਬੰਤ ਕੌਰ ਅਜੇ ਵੀ ਖਾਲ਼ੀ ਦੀ ਖਾਲ਼ੀਂ ਸੀ।ਉਸ ਦਾ ਦਿਲ ਕਰਦਾ ਸੀ ਆਪਣੀ ਚਰਨੋ ਨੂੰ ਮਿਲਣ ਜਾਵੇ ਪਰ ਘਰ ਵਿੱਚੋਂ ਵੇਹਲ ਹੀ ਨਹੀਂ ਸੀ ਹੁੰਦਾ। ਸੰਤਾ ਸਿੰਘ ਮਿਲ ਤੋਂ ਪੈਸਾ ਲੈ ਕੇਹੋਰ ਜ਼ਮੀਨ ਦਾ ਸੌਦਾ ਕਰ ਆਉਂਦਾ ।ਹੁਣ ਉਸ ਨੇ ਦੂਜੀ ਕੁੜੀ ਵੀ ਵਿਆਹ ਲਈ ਸੀ।ਮੁੰਡਾ ਵੀ ਵਿਆਹ ਲਿਆ ਸੀ। ਬੰਤ ਕੌਰ ਸਾਰਾ ਦਿਨਕੰਮ ਕਰਦੀ ਅਤੇ ਆਪਣੇ ਰਾਮ ਨੂੰ ਯਾਦ ਕਰਦੀ ਰਿਹਦੀ। ਉਹ ਆਪ ਹੀ ਰਾਮ ਦਾ ਰੂਪ ਬਣ ਗਈ ਸੀ।ਕਦੇ ਨਾਂ ਗ਼ੁੱਸੇ ਹੁੰਦੀ ਕਦੇ ਨਾਂ ਕਹਿੰਦੀ ਮੈਨੂੰ ਕੀ ਚਾਹੀਦਾ।ਹੁਣ ਬਹੁ ਚੌਧਰਾਣੀ ਸੀ।ਬੰਤ ਕੌਰ ਨੂੰ ਕੀ ਫਰਕ ਸੀ ਬਹੁ ਚੌਧਰਾਣੀ ਜਾ ਸੰਤਾ







# ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਨੂੰ ਵੱਡੇ ਸੁਪਨੇ ਵੇਖਣਾ ਤੇ ਸਾਕਾਰ ਕਰਨਾ ਸਿਖਾਇਆ:ਤਰਨਜੀਤ ਸਿੰਘ ਸੰਧੂ




ਸ਼ਿਕਾਗੋ (ਸੁਖਦੀਪ ਸਿੰਘ ਸੋਈ): ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਸਮੁੱਚੇ ਦੇਸ਼ ਨੂੰ ਵੱਡੇ ਸੁਪਨੇ ਵੇਖਣ ਲਈ ਪ੍ਰੇਰਿਤ ਕਰਦਿਆਂ ਵਿਸ਼ਵਵਿਆਪੀ ਪੱਧਰ ’ਤੇ ਵਿਖਾਇਆ ਹੈ ਕਿ ਦ੍ਰਿੜ ਇਰਾਦਿਆਂ ਅਤੇ ਲਗਨ ਨਾਲ ਸੁਪਨੇ ਸਾਕਾਰ ਕੀਤੇ ਜਾ ਸਕਦੇ ਹਨ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਮਰੀਕਾ ਵਿਚ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਕੀਤਾ।

ਇਸ ਮੌਕੇ ਉਹ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਐਨ.ਆਈ.ਡੀ ਫਾਊਂਡੇਸ਼ਨ ਵਲੋਂ ਆਯੋਜਿਤ ‘ਵਿਸ਼ਵ ਸਦਭਾਵਨਾ’ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਆਧਾਰਿਤ ਦੋ ਪੁਸਤਕਾਂ ਦੀ ਅੰਤਰਰਾਸ਼ਟਰੀ ਪੱਧਰ ’ਤੇ ਘੁੰਡ ਚੁਕਾਈ ਕੀਤੀ ਗਈ। ਸਮਾਗਮ ਦੌਰਾਨ ਅਮਰੀਕਾ ਦੀਆਂ ਉਘੀਆਂ ਸਖ਼ਸ਼ੀਅਤਾਂ ਤੋਂ ਇਲਾਵਾ ਉੱਘੇ ਪ੍ਰਵਾਸੀ ਭਾਰਤੀ ਉਚੇਚੇ ਤੌਰ ’ਤੇ ਹਾਜ਼ਰ ਸਨ, ਜਿਨ੍ਹਾਂ ਬੁੱਧੀਜੀਵੀ, ਉਦਮੀ, ਅਮਰੀਕੀ ਸੈਨੇਟ ਦੇ ਮੈਂਬਰ, ਕਾਰਪੋਰੇਟ ਆਗੂ, ਸਿੱਖਿਆ ਸ਼ਾਸ਼ਤਰੀ, ਅਧਿਆਤਮਕ ਆਗੂਆਂ ਦੇ ਨਾਮ ਸ਼ਾਮਲ ਹਨ। ਇਸ ਮੌਕੇ ਆਰਟ ਆਫ਼ ਲਿਵਿੰਗ ਸੰਸਥਾ ਦੇ ਸੰਸਥਾਪਕ ਅਤੇ ਅਧਿਆਤਮਿਕ ਆਗੂ ਗੁਰੂਦੇਵ ਸ਼੍ਰੀ ਸ਼੍ਰੀ ਰਵੀ ਸ਼ੰਕਰ, ਸੀਨੀਅਰ ਅਮਰੀਕੀ ਸੈਨੇਟਰ ਰੌਨ ਜੌਨਸਨ, ਵਿਸਕਾਨਸਿਨ ਪਾਰਕਸਾਈਡ ਯੂਨੀਵਰਸਿਟੀ ਦੇ ਚਾਂਸਲਰ ਡਾ. ਡੇਬੀ ਫੋਰਡ, ਵਿਸਕਾਨਸਿਨ ਸਟੇਟ ਅਸੈਂਬਲੀ ਦੇ ਸਪੀਕਰ ਰੌਬਿਨ ਵੋਸ, ਲੋਕ ਸਭਾ ਮੈਂਬਰ ਹੰਸ ਰਾਜ ਹੰਸ, ਅਮਰੀਕਾ ਦੇ ਪ੍ਰਸਿੱਧ ਵਪਾਰੀ ਦਰਸ਼ਨ ਸਿੰਘ ਧਾਲੀਵਾਲ ਅਤੇ ਐਨ.ਆਈ.ਡੀ ਫਾਊਂਡੇਸ਼ਨ ਦੇ ਮੁੱਖ ਸਰਪ੍ਰਸਤ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਅਤੇ ਐਨ.ਆਈ.ਡੀ ਫਾਊਂਡੇਸ਼ਨ ਦੀ ਸੰਸਥਾਪਕ ਪ੍ਰੋ. ਹਿਮਾਨੀ ਸੂਦ ਉਚੇਚੇ ਤੌਰ ’ਤੇ ਹਾਜ਼ਰ ਸਨ।

---

ਸਿੰਘ ਚੌਦਰੀ ਸੀ। ਉਸ ਨੇ ਤਾਂ ਰੋਟੀ ਹੀ ਖਾਣੀ ਸੀ ਪਰ ਉਸ ਦਾ ਦਿਲ ਕਰਦਾ ਸੀ ਚਰਨੋ ਨੂੰ ਮਿਲਣ ਜਾਣ ਨੂੰ ।ਚਰਨੋ ਦਾ ਭਾਈਆ ਮੈਂ ਤਾਂ ਚਰਨੋ ਨੂੰ ਮਿਲਣ ਜਾਣਾ, ਕੁੜੀਆ ਦੇ ਨਹੀਂ ਜਾਈਦਾ। ਚਰਨੋ ਦਿਆਂ ਭਾਈਆ ਤੂੰ ਨਾਂ ਜਾ ਮੈਂ ਤਾਂ ਜਾਣਾ। ਮੈਨੂੰ ਖ਼ਰਚਾ ਦੇ ਮੈਂ ਜਾਣਾ। ਕੋਲ ਬੈਠਾ ,ਪੁੱਤ ਉਠੇਆ, ਪੈਸੇ ਲਿਆ ਕੇ ਮਾਂ ਦੀ ਮੁੱਠ ਵਿੱਚ ਰੱਖ ਦਿੱਤੇ। ਬੰਤ ਕੌਰ ਨੂੰ ਇਹ ਵੀ ਨਹੀਂ ਸੀ ਪਤਾ ਕੇ ਸੰਤਾ ਸਿੰਘ ਦੇ ਹੱਥ ਵੱਸ ਹੁਣ ਕੁਝ ਨਹੀਂ ਸੀ।ਬੰਤ ਕੌਰ ਨੇ ਬੀਬੀ ਨੂੰ ਨਾਲ ਲਿਆ ਕੁਝ ਨਿੱਕ ਸੁੱਕ ਖਰੀਦ ਲਿਆਈ ਅਤੇ ਚੌਲਾ ਦੀਆ ਪਿੰਨੀਆਂ ਬਣਾਈਆਂ ਤੇ ਤੁਰ ਪਈ ਚਰਨੋ ਨੂੰ ਮਿਲਣ। ਚਰਨੋ ਮਾਂ ਨੂੰ ਦੇਖ ਕੇ ਖੁਸ਼ ਅਤੇ ਹਿਰਾਨ ਵੀ ਸੀ।ਉਸ ਦੇ ਨਿਆਣੇ ਨਾਨੀ ਦੇ ਨੇੜੇ ਹੋ ਕੇ ਬੈਠ ਗਿਏ ਪਿੰਨੀਆਂ ਲੈ ਕੇ ਦੌੜ ਗਏ।ਮਾਂਵਾਂ ਧੀਆਂ ਗਲੀ ਪੈ ਗੇਈਆ। ਮਾ ਮੈਂ ਆਪਣੇ ਘਰ ਬਹੁਤ ਸੁੱਖੀ ਹਾਂ ।ਮੇਰਾ ਸੌਹਰਾ ਪਰਵਾਰ ਬਹੁਤਹੀ ਚੰਗਾਹੈ। ਮੇਰਾ ਸੌਹਰਾ ਮੈਨੂੰ ਪੁੱਛਦੇਆ ਮੈਂ ਸ਼ਹਿਰ ਨੂੰ ਚਲਿਆ ਹਾਂ ਪੁੱਤ ਤੁਹਾਨੂੰ ਕੀ ਚਾਹੀਦਾ ਮੇਰੇ ਨਿਆਣਿਆਂ ਲਈ ਸ਼ੈਹਰੋ ਕੱਪੜੇ ਲੈ ਕੇ ਆਉਦੇ ਹਨ ਜਦੋਂ ਮੈਂ ਕੱਪੜੇ ਪਾ ਕੇ ਦਿਖਾਵਾ ਤਾ ਬਹੁਤ ਖੁਸ਼ ਹੁੰਦੇ ਹਨ। ਮੇਰਾ ਘਰ ਵਾਲਾ ਮੇਰੀਸਲਾਹ ਲੈ ਕੇ ਗੱਲ ਕਰਦੇਆ। ਘਰ ਦੇ ਕੰਮਾਂ ਵਿੱਚ ਵੀ ਹੱਥ ਵਟਾ ਦਿੰਦੇਆ। ਜ਼ਰੂਰਤ ਵੇਲੇ ਮੈਂ ਵੀ ਉਸਦਾ ਹੱਥ ਵਟਾ ਦਿੰਦੀ ਹਾਂ ।ਚਰਨੋ ਤੂੰ ਤਾਂ ਪਿਛਲੇ ਜਨਮ ਵਿੱਚ ਮੋਤੀ ਮਣਸੇ ਹੋਣੇ ਜੇਹੜਾ ਤੈਨੂੰ ਇੰਨਾਂ ਚੰਗਾ ਪਰਵਾਰ ਮਿਲ ਗਿਆ। ਰਾਮ ਤੂੰ ਹੈ ਰਾਮ ਤੂੰ ਹੈ।

ਬੰਤ ਕੌਰ ਆਪਣੀ ਧੀ ਨੂੰ ਮਿਲ ਕੇ ਖ਼ੁਸ਼ੀ ਖ਼ੁਸ਼ੀ ਵਾਪਸ ਜਾ ਕੇ ਉਸਦੇ ਪਰਵਾਰ ਦੀ ਸੋਭਾ ਕਰਦੀ ਨਹੀਂ ਸੀ ਥੱਕਦੀ।ਬੰਤ ਕੌਰ ਮਗਰ ਤਾਂ ਕੁੱਤੇ ਵੀ ਪੂੱਛ ਘੁਮਾਉਂਦੇ ਤੁਰੇ ਫਿਰਦੇ, ਉਹ ਉਂਨਾਂ ਦੁੱਧ , ਰੋਟੀ ਪਾ ਦਿੰਦੀ,ਗੁਰਦੁਆਰੇ ਥਾਲ ਗੁੜ ਦਾ ਦੇ ਆਉਦੀ ,ਕੰਮ ਕਰਨ ਵਾਲੇਆ ਦੇ ਪਰਵਾਰਾਂ ਦਾ ਵੀ ਖਿਆਲ ਰੱਖਦੀ , ਉਸ ਨੂੰ ਇਸ ਵਿੱਚ ਖ਼ੁਸ਼ੀ ਮਿਲਦੀ ਸੀ।ਇਕ ਦਿਨ ,ਚਰਨੋ ਦਿਆਂ ਭਾਈਆ ਕੀ ਹੋਇਆਂ ਤੂੰ ਲੰਮਾ ਕਿਓਂ ਪਿਆਂ ਕੀ ਦੂਖਦਾ ਤੇਰਾ,ਮੈਂ ਤਾਂ ਅੱਜ ਥੱਕ ਗਿਆ।ਤੂੰ ਹੁਣ ਕੰਮ ਨਾਂ ਕਰੇਆ ਕਰ ,ਦੋ ਤਿੰਨ ਦਿਨ ਪਿਆਂ ਰਿਹ ਕੇ ਬੰਤ ਕੌਰ ਦਾ ਸਿਰ ਦਾ ਸਾਈਂ ਆਪਣਾ ਸਫਰ ਪੂਰਾ ਕਰਕੇ ਚਲਾਣਾ ਕਰ ਗਿਆ।

ਹੁਣ ਪੋਤੇ ਵਿਆਹ ਹੋ ਗਏ ਸਨ। ਖੂਹਾਂ ਤੋਂ ਟੀਉਬਲ ਲੱਗ ਗਏ,ਹੱਲਾ ਤੋਂ ਟਰੈਕਟਰ ,ਗਡੇਆਂ ਤੋਂ ਟਰੌਲੀਆ, ਪਸ਼ੂ ਘੱਟ ਗਏ ਸਿਰਫ ਗਾਈਆਂ ਤੇ ਮੱਝਾਂ ਹੀ ਰਹਿ ਗਈਆਂ ।ਬਿਜਲੀ ਆ ਗਈ ,ਸੋਫ਼ੇ, ਕੁਰਸੀਆਂ,ਮੇਜ਼ ਆਗਏ।ਸਕੂਟਰ ਤੇ ਜੀਪ ਫਿਰਨ ਤੁਰਨ ਨੂੰ ਆ ਗਏ। ਬੰਤ ਕੌਰ ਦਾ ਪੁੱਤ ਸਰਪੰਚ ਬਣ ਗਿਆ ਸੀ ਅਤੇ ਉਸ ਦੀ ਚਰਨੋ ਦਾ ਪਰਵਾਰ ਇੰਗਲੈਂਡ ਚਲਾ ਗਿਆ ਸੀ। ਛੋਟਾ ਪੋਤਾ ਇੰਗਲੈਂਡ ਇਕ ਪੋਤਾ ਅਮਰੀਕਾ ,ਇਕ ਪੋਤੇ ਨੇ ਨਾਲ ਦੇ ਪਿੰਡ ਵਾਲੀ ਜ਼ਮੀਨ ਵਿੱਚ ਆਪਣੀ ਕੋਠੀ ਪਾ ਲਈ ।ਘਰ ਦੀ ਰੌਣਕ ਵਾਹਰ ਚਲੀ ਗਈ।ਸਾਰੇ ਆਪਣੇ ਘਰਾਂ ਵਿੱਚ ਸੁੱਖੀ ਸਨ।ਬੰਤ ਕੌਰ ਨੂੰ ਸਾਰੇਆ ਪਾਸੋਂ ਠੰਡੀ ਵਾ ਆ ਰਿਹੀ ਸੀ । ਉਸ ਦੀ ਚਰਨੋ ਵਲੈਤ ਤੋਂ ਆਈ ਹੋਈ ਸੀ ਮਾਂਵਾਂ ਧੀਆਂ ਬੈਠੀਆ ਦੁੱਖ ਸੁਖ ਕਰ ਰਹੀਆ ਸੀ । ਚਰਨੋ , ਮੇਰੀ ਉਮਰ ਦਾ ਤਾਂ ਕੋਈ ਬੰਦਾ ਰਹਿ ਹੀ ਨਹੀਂ ਗਿਆ,ਬੰਦਾ ਤਾਂ ਛੱਡ,ਮੇਰੀ ਉਮਰ ਦਾ ਤਾਂ ਕੋਈ ਰੁੱਖ ਵੀ ਨਹੀਂ ਹੋਣਾ।ਮਾਂ ਤੁਸੀਂ ਸਾਰੀ ਉਮਰ ਬਹੁਤ ਕੰਮ ਕੀਤਾ ਰੱਬ ਹੁਣ ਤੁਹਾਨੂੰ ਆਰਾਮ ਦੀ ਜਿਦੰਗੀ ਦੇ ਰਿਹਾ ,ਮਾਣ ਲਓ। ਚਰਨੋ ,ਮੈਨੂੰ ਲਗਦਾ ਹੁਣ ਆਪਣੇ ਮੇਲੇ ਨਹੀਂ ਹੋਣੇ, ਚਰਨੋ ਨੇ ਮਾਂ ਨੂੰ ਘੁੱਟ ਕੇ ਜੱਫੀ ਪਾਈ ਅਤੇ ਚਲੀ ਗਈ।ਬੰਤ ਕੌਰ 102 ਸਾਲ ਦੀ ਉਮਰ ਭੋਗ ਕੇ ਰਾਮ ਤੂੰ ਹੈ,ਰਾਮ ਤੂੰ ਹੈ ਕਰਦੀ ਇਕ ਦਿਨ ਪੂਰੀ ਹੋਗਈ।- ਅਬਨਾਸ਼ ਕੌਰ ਗਿੱਲ


So Easy

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








LUCKY'S A to Z DRIVING SCHOOL

Lucky 604-614-5365

Unit 15 - 8388 128 St., Surrey



ATLAS ANIMAL HOSPITAL

Open 24 Hours 7 Days a Week





- Animal Dermatology
- Pet Cardiology
- Pet Deworming
- Pet Ear Infection
- Pet Endocrine Diseases
- Pet Eye Infections
- Flea & Tick Control
- Pet Oral Infections
- Pet Allergies
- Pet Anal Gland Expression
- Vaccination
- Dental Cleaning
- Pet Grooming
- Nail Trimming
- Ear Cleaning
- Pet Boarding
- Puppy Training
- Veterinary Diets
- Behavioral Consultation
- Pet Identification
- End of Life

Dr. H. Bhullar
& Associates

Tel: 604-301-0300

5696 Fraser St, Vancouver, BC, V5W 2Z4 www.atlasvetsinvancouver.com

# ਗੁਰੂ ਦਾ ਬੰਦਾ, ਨਾ ਕਿ ਬੰਦਾ ਬੈਰਾਗੀ

ਡਾ.ਗੁਰਵਿੰਦਰ ਸਿੰਘ

ਦੁਨੀਆਂ ਦੇ ਇਤਿਹਾਸ ਵਿੱਚ ਨਵੇਕਲੀ ਮਿਸਾਲ ਹੈ, ਜਦੋਂ ਐਸਾ ਰਾਜ ਕਾਇਮ ਕੀਤਾ ਗਿਆ ਹੋਵੇ, ਜਿੱਥੇ ਭੂਮੀ-ਹੀਣ ਬੇ-ਜ਼ਮੀਨੇ ਲੋਕਾਂ ਨੂੰ, ਜ਼ਮੀਨ ਦੇ ਮਾਲਕ ਬਣਾ ਕੇ ਅਤੇ ਰੰਗ, ਨਸਲ, ਫਿਰਕੇ, ਜਾਤ, ਕੌਮ ਆਦਿ ਨੂੰ ਪਿੱਛੇ ਛੱਡਦਿਆਂ', ਲਤਾੜਿਆਂ ਅਤੇ ਦੱਬੇ ਕੁਚਲੇ ਲੋਕਾਂ ਦੇ ਸਿਰ 'ਤੇ ਤਾਜ ਸਜਿਆ ਹੋਵੇ। ਇਹੋ ਜਿਹੇ 'ਖ਼ਾਲਸਾ ਰਾਜ' ਦੀਆਂ ਬਰਕਤਾਂ ਸੰਸਾਰ ਸਾਹਮਣੇ ਪੇਸ਼ ਕਰਨ ਵਿੱਚ ਅਸੀਂ ਅਸਮਰਥ ਰਹੇ ਹਾਂ ਅਤੇ ਚਾਲਬਾਜ਼ਾਂ ਹਾਕਮਾਂ ਨੇ ਉਨ੍ਹਾਂ ਨੂੰ ਲੁਕੋ ਕੇ ਰੱਖਿਆ ਹੈ। ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਨਾਲ ਸਰਹਿੰਦ ਦੇ ਜ਼ਾਲਮ ਹਾਕਮ ਵਜ਼ੀਰ ਖਾਂ ਤੇ ਹੋਰਨਾਂ ਦੁਸ਼ਟਾਂ ਨੂੰ ਸੋਧਿਆ ਅਤੇ 'ਖਾਲਸਾ ਰਾਜ' ਸਥਾਪਿਤ ਕੀਤਾ ਅਤੇ ਮੁਗ਼ਲ ਰਾਜ ਦੇ ਜ਼ੁਲਮ ਦੀ ਜੜ ਪੱਟੀ। ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਨੇ ਭਾਂਜਵਾਦੀ ਵਿਹਾਰ ਤੇ ਸੁਭਾਅ ਛੱਡ ਕੇ, ਜਦੋਂ ਖ਼ਾਲਸਾ ਪੰਥ ਵਿੱਚ ਸ਼ਮੂਲੀਅਤ ਕੀਤੀ, ਤਾਂ ਇਹ ਉਸ ਦੇ ਜੀਵਨ ਦੇ ਇਤਿਹਾਸਕ ਇਨਕਲਾਬ ਆਇਆ। ਆਪ ਦਸਵੇਂ ਪਾਤਸ਼ਾਹ ਪਾਸੋਂ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ ਅਤੇ ਲੋਕ ਜ਼ੁਬਾਨ 'ਤੇ ਆਪ ਦਾ ਨਾਂ ਬਾਬਾ ਬੰਦਾ ਸਿੰਘ ਬਹਾਦਰ ਮਕਬੂਲ ਹੋਇਆ, ਭਾਵ 'ਗੁਰੂ ਦਾ ਬੰਦਾ'।ਬਾਬਾ ਬੰਦਾ ਸਿੰਘ ਬਹਾਦਰ ਨੇ 9 ਜੂਨ 1716 ਨੂੰ ਅਨੇਕਾਂ ਸਿੱਖਾਂ ਅਤੇ ਆਪਣੇ ਪੁੱਤਰ ਸਮੇਤ, ਸ਼ਹਾਦਤ ਪਾਈ। ਦੁੱਖ ਇਸ ਗੱਲ ਦਾ ਹੈ ਕਿ ਅੱਜ ਜਿਥੇ ਭਗਵੇਂਕਰਨ ਦੀਆਂ ਤਾਕਤਾਂ, ਆਰ ਐੱਸ ਐਸ ਵਾਲੇ ਤੇ ਹੋਰ ਅਜਿਹੇ ਸੰਗਠਨ ਆਪ ਨੂੰ 'ਬੈਰਾਗੀ' ਦੇ ਰੂਪ ਵਿੱਚ ਪੇਸ਼ ਕਰਕੇ, ਇਤਿਹਾਸ ਨਾਲ ਖਿਲਵਾੜ ਕਰ ਰਹੇ ਹਨ, ਉੱਥੇ ਕਈ ਭੁੱਲੜ ਲਿਖਾਰੀ ਮਨਘੜ੍ਹਤ ਗੱਲਾਂ ਦੇ ਵੇਰਵੇ ਦੇ ਕੇ, ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੂੰ ਉਸ ਦੀਆਂ 'ਗਲਤੀਆਂ ਦੀ ਸਜ਼ਾ' ਕਹਿ ਕੇ, ਇਤਿਹਾਸ ਨਾਲ ਧ੍ਰੋਹ



ਕਮਾ ਰਹੇ ਹਨ। ਇਹ ਬਿਲਕੁਲ ਗਲਤ ਹੈ। ਸੱਚਾਈ ਇਹ ਹੈ ਕਿ ਸ਼ਹਾਦਤ ਪਾ ਕੇ ਬੰਦਾ ਸਿੰਘ ਬਹਾਦਰ ਦਾ ਰੁਤਬਾ ਮਹਾਨ ਬਣਿਆ ਹੈ, ਨਾ ਕਿ ਉਹ ਗੁਰੂ ਸਾਹਿਬ ਦੇ ਹੁਕਮਾਂ ਤੋਂ ਮੁਨਕਰ ਹੋ ਕੇ, ਸਜ਼ਾ ਦਾ ਭਾਗੀ ਬਣਿਆ ਹੈ। ਇਸ ਤੋਂ ਇਲਾਵਾ ਬਲਦੇਵ ਸੜਕਨਾਮਾ ਵਰਗੇ ਇਤਿਹਾਸ ਨੂੰ ਵਿਗਾੜਨ ਵਾਲੇ ਲੇਖਕ ਆਪਣੇ ਨਾਵਲ 'ਸੂਰਜ ਦੀ ਅੱਖ' ਵਿੱਚ ਅਜਿਹਾ ਲਿਖ ਕੇ ਕਿ *ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਮਗਰੋਂ 'ਸਿੱਖਾਂ ਦੇ ਮੂੰਹ ਨੂੰ ਰਾਜ ਕਰਨ ਦਾ ਲਹੂ ਲੱਗਾ' ਘਿਨਾਉਣੀ ਸੋਚ ਦਾ ਪ੍ਰਗਟਾਵਾ ਕਰ ਰਹੇ ਹਨ, ਜਦਕਿ ਹੱਕ ਸੱਚ ਅਤੇ ਇਨਸਾਫ਼ ਲਈ ਲੜਦਿਆਂ, ਜ਼ਾਲਮ ਨੂੰ ਸੋਧ ਕੇ ਰਾਜ ਕਾਇਮ ਕਰਨਾ, 'ਮੂੰਹ ਨੂੰ ਲਹੂ ਲੱਗਣਾ ਨਹੀਂ ਹੁੰਦਾ', ਬਲਕਿ ਦੱਬੇ ਕੁਚਲਿਆਂ ਨੂੰ ਰਾਜ ਸੌਂਪਣਾ ਹੁੰਦਾ ਹੈ। ਇਨ੍ਹਾਂ ਵਿਚਾਰਾਂ ਨਾਲ ਸ਼ਾਮਲ ਕੀਤੇ ਇਹ ਦੋਹੇ 'ਬੈਰਾਗੀ' ਤੋਂ ਬੰਦਾ ਸਿੰਘ ਅਤੇ ਉਸ ਤੋਂ ਅੱਗੇ 'ਸ਼ਹੀਦ' ਬਾਬਾ ਬੰਦਾ ਸਿੰਘ ਬਹਾਦਰ ਬਣਨ ਦੇ ਸਫ਼ਰ" ਨੂੰ ਪੇਸ਼ ਕਰਦੇ ਹਨ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀ ਜਿੱਤ ਦੇ ਮਾਅਨੇ

### "ਪੰਜਾਬ ਦੀ ਖ਼ੁਦਮੁਖਤਿਆਰੀ ਦੇ ਨਵੇਂ ਇਤਿਹਾਸ ਵੱਲ ਪੁਲਾਂਘ"

**-ਡਾ ਗੁਰਵਿੰਦਰ ਸਿੰਘ**



ਸੱਚ ਤਾਂ ਇਹ ਹੈ ਕਿ ਇਕ ਸਦੀ ਦਾ ਸਫ਼ਰ ਤੈਅ ਕਰਨ ਤੋਂ ਬਾਅਦ, ਬੀਤੇ ਕੁਝ ਦਹਾਕਿਆਂ 'ਚ ਪੰਥਕ ਸੋਚ ਨੂੰ ਤਿਲਾਂਜਲੀ ਦੇ ਕੇ ਫ਼ਾਸ਼ੀਵਾਦੀ ਅਤੇ ਭਾਜਪਾਈ-ਹਿੰਦੂਤਵੀ ਤਾਕਤਾਂ ਦੇ ਪ੍ਰਭਾਵ ਕਾਰਨ, ਨਿਘਾਰ ਵੱਲ ਗਿਆ ਅਕਾਲੀ ਦਲ, ਅੱਜ ਪੁਨਰ ਸੁਰਜੀਤੀ ਵੱਲ ਕਦਮ ਪੁੱਟ ਰਿਹਾ ਹੈ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਇਸ ਪਾਸੇ ਵੱਲ ਇਤਿਹਾਸਕ ਪੁਲਾਂਘ ਕਹੀ ਜਾ ਸਕਦੀ ਹੈ। ਸੰਗਰੂਰ ਲੋਕ ਸਭਾ ਹਲਕੇ ਦੀ ਇਹ ਚੋਣ ਕੋਈ 'ਰਾਜ ਸਭਾ' ਦੀ ਨੁਮਾਇੰਦਗੀ ਨਹੀਂ ਸੀ, ਜਿਸ ਤੇ ਫ਼ੈਸਲਾ ਦਿੱਲੀ ਬੈਠੇ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਥਾਂ, ਆਪਣੇ ਪੱਖੀ ਵਿਅਕਤੀਆਂ ਨੂੰ ਚੁਣ ਕੇ ਕਰਨਾ ਸੀ, ਬਲਕਿ ਇਹ ਪੰਜਾਬ ਦੀ ਸਰਜ਼ਮੀਨ 'ਤੇ ਖੁੱਲ੍ਹੇ ਸਾਹ ਲੈਣ ਵਾਲੇ ਲੋਕਾਂ ਵੱਲੋਂ ਕੀਤੀ ਇਤਿਹਾਸਕ ਚੋਣ ਹੈ। ਇਸ ਨੇ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ, ਦਿੱਲੀ ਦੇ ਕਦਮਾਂ 'ਤੇ ਝੁਕਣ ਦੇ ਫ਼ੈਸਲੇ ਨੂੰ ਨਕਾਰ ਦਿੱਤਾ ਹੈ।ਇਹ ਜਿੱਤ ਪੰਜਾਬ ਅਤੇ ਪੰਜਾਬੀਅਤ ਦੀ ਹੋਂਦ ਦੀ ਜਿੱਤ ਹੈ, ਜਿਸ ਨੇ ਗ਼ੈਰਤ ਅਣਖ ਅਤੇ ਚੜ੍ਹਦੀ ਕਲਾ ਦਾ ਸੁਨੇਹਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੰਥਕ ਜਰਨੈਲ ਸਿਮਰਨਜੀਤ ਸਿੰਘ ਮਾਨ ਨੇ ਕਦੇ ਪੰਜਾਬੀਆਂ ਤੇ ਖ਼ਾਸਕਰ ਸਿੱਖ ਕੌਮ ਨੂੰ ਮਿਹਣਾ ਵੀ ਮਾਰਿਆ ਸੀ ਕਿ ਉਹ ਨਹੀਂ ਹਾਰਦਾ, ਕੌਮ ਉਸ ਨੂੰ ਹਰਾ ਦਿੰਦੀ ਹੈ।


ਅੱਜ ਸਿੱਖ ਕੌਮ ਅਤੇ ਸੰਗਰੂਰ ਲੋਕ ਸਭਾ ਹਲਕੇ 'ਚ ਵਸਦੇ ਪੰਜਾਬੀਆਂ ਨੇ ਇਹ ਉਲਾਂਭਾ ਲਾਹ ਕੇ, ਨਾ ਸਿਰਫ਼ ਸਿਮਰਨਜੀਤ ਸਿੰਘ ਮਾਨ ਨੂੰ ਜਿੱਤ ਹੀ ਦਿਵਾਈ ਹੈ, ਬਲਕਿ ਇਤਿਹਾਸ ਨੂੰ ਨਵਾਂ ਮੋੜ ਵੀ ਦਿੱਤਾ ਹੈ।ਸਾਜਸ਼ੀ ਢੰਗ ਦੇ ਨਾਲ ਸਿਮਰਨਜੀਤ ਸਿੰਘ ਮਾਨ ਨੂੰ ਹਰਾਉਣ ਦੀਆਂ ਕੋਸ਼ਿਸ਼ਾਂ 'ਅਖੌਤੀ ਪੰਥਕ ਧਿਰਾਂ' ਵੱਲੋਂ ਕੀਤੀਆਂ ਗਈਆਂ ਸਨ, ਜਿਨ੍ਹਾਂ 'ਚ ਅਕਾਲੀ ਦਲ ਬਾਦਲ ਤੋਂ ਇਲਾਵਾ ਕਈ ਬਾਬੇ ਅਤੇ ਜਥੇਦਾਰਾਂ ਦੀ ਢਾਣੀ ਵੀ ਸ਼ਾਮਲ ਸੀ, ਪਰ ਲੋਕਾਂ ਦੇ ਫ਼ਤਵੇ ਅਨੁਸਾਰ ਉਨ੍ਹਾਂ ਸਾਰਿਆਂ ਨੂੰ ਮੂੰਹ ਦੀ ਖਾਣੀ ਪਈ ਹੈ।

ਚੰਗੀ ਗੱਲ ਇਹ ਹੈ ਕਿ ਜਿੱਤ ਅਕਾਲੀ ਦਲ ਦੀ ਹੋਈ ਹੈ, ਪਰ ਇਹ ਭੁਲੇਖਾ ਦੂਰ ਹੋ ਗਿਆ ਹੈ ਕਿ 'ਅਸਲੀ ਅਕਾਲੀ ਦਲ' ਕਿਹੜਾ ਹੈ। ਨਿਸ਼ਚਿਤ ਤੌਰ 'ਤੇ ਇਸ ਇਤਿਹਾਸ ਸਿਰਜਣਾ ਵਿੱਚ 'ਕਿਰਸਾਨੀ ਸੰਘਰਸ਼ ਤੋਂ ਲੈ ਕੇ ਪੰਜਾਬ ਹੋਂਦ ਦੀ ਗੱਲ ਕਰਨ' ਤਕ ਦੇ ਸਫ਼ਰ ਨੂੰ ਬਾਖ਼ੂਬੀ ਸਮਝਣ ਵਾਲੇ ਮਰਹੂਮ ਸੰਦੀਪ ਸਿੰਘ ਦੀਪ ਸਿੱਧੂ ਅਤੇ ਗਾਇਕੀ ਦੇ ਖੇਤਰ ਵਿੱਚ ਪੰਜਾਬ ਦੀ ਖੁਦਮੁਖਤਿਆਰੀ, ਪੰਜਾਬ ਦੇ ਪਾਣੀਆਂ ਦੇ ਮਸਲੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਦਾ ਬਿਆਨ ਕਰਨ ਵਾਲੇ ਨੌਜਵਾਨ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਭੂਮਿਕਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਹੁਣ ਜ਼ਿੰਮੇਵਾਰੀ ਪੰਥ ਦੇ ਜਰਨੈਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਅਸਲੀ ਵਾਰਸ ਸ.ਸਿਮਰਨਜੀਤ ਸਿੰਘ ਮਾਨ ਦੇ ਮੋਢਿਆਂ ਤੇ ਤਾਂ ਹੈ ਹੀ, ਪਰ ਨਾਲ ਹੀ ਪੰਜਾਬ ਦੀ ਨੌਜਵਾਨੀ 'ਤੇ ਵੀ ਹੈ, ਜਿਨ੍ਹਾਂ ਤੋਂ ਪੰਜਾਬ ਨੂੰ ਬੇਹੱਦ ਉਮੀਦਾਂ ਹਨ, ਸੰਭਾਵਨਾਵਾਂ ਹਨ।

ਹੋ ਸਕਦਾ ਹੈ ਕਿ ਇਹ ਇਤਿਹਾਸਕ ਮੋੜ ਪੰਜਾਬ ਦੀ ਖ਼ੁਦਮੁਖਤਿਆਰੀ ਦਾ ਨਵਾਂ ਇਤਿਹਾਸ ਸਿਰਜੇ! ਮਰਹੂਮ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਆਖ਼ਰੀ ਗੀਤ ਦੇ ਪੰਜਾਬ ਪੱਖੀ ਬੋਲ ਸੱਚ ਸਾਬਤ ਹੋ ਰਹੇ ਹਨ :

"ਜਿਨ੍ਹਾਂ ਚਿਰ ਸਾਨੂੰ #Soverienlty ਦਾ ਰਾਹ ਨਹੀਂ ਦਿੰਦੇ
ਓਨਾ ਚਿਰ ਪਾਣੀ ਛੱਡੋ, ਤੁਪਕਾ ਨਹੀਂ ਦਿੰਦੇ ।
ਕੌਣ ਸੀ ਅੱਤ 'ਤੇ ਅੱਤਵਾਦੀ ਗਵਾਹੀ ਦੇ ਦਿਓ
ਹੁਣ ਤਾਂ 'ਬੰਦੀ ਸਿੰਘਾਂ ਨੂੰ ਰਿਹਾਈ' ਦੇ ਦਿਓ
ਜਿੰਨਾ ਚਿਰ ਸਾਡੇ ਹੱਥੋਂ ਹੱਥਕੜੀਆਂ ਲਾਹ ਨਹੀਂ ਦਿੰਦੇ
ਓਨਾ ਚਿਰ ਪਾਣੀ ਛੱਡੋ, ਤੁਪਕਾ ਨਹੀਂ ਦਿੰਦੇ
ਵੱਡਾ ਸੋਚ ਤੂੰ ਵੱਡਾ, ਨੀਅਤ ਛੋਟੀ ਵਾਲਿਆ
ਕਿਉਂ 'ਪੱਗਾਂ ਨਾਲ ਖਹਿੰਦਾ ਫਿਰਦਾ ਟੋਪੀ' ਵਾਲਿਆ
ਮੂਸੇਵਾਲੇ ਬਿਨਾਂ ਮੰਗਿਓ ਸਲਾਹ ਨਹੀਂ ਦਿੰਦੇ
ਓਨਾ ਚਿਰ ਪਾਣੀ ਛੱਡੋ, ਤੁਪਕਾ ਨਹੀਂ ਦਿੰਦੇ
ਕਲਮ ਨੀਂ ਰੁਕਣੀ ਨਿੱਤ ਨਵਾਂ ਹੁਣ ਗਾਣਾ ਆਊ
ਜੇ ਨਾ ਟੱਲੇ ਤਾਂ ਫਿਰ ਮੁੜ ਬਲਵਿੰਦਰ ਜਟਾਣਾ ਆਊ
ਫਿਰ ਪੁੱਤ ਬਗਾਨੇ ਨਹਿਰਾਂ ਚ ਡੇਕਾਂ ਲਾ ਹੀ ਦਿੰਦੇ
ਓਨਾ ਚਿਰ ਪਾਣੀ ਛੱਡੋ, ਤੁਪਕਾ ਨਹੀਂ ਦਿੰਦੇ।"

TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY
1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

1 ਜੁਲਾਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
1 ਜੁਲਾਈ ਦਿਨ ਸ਼ੁੱਕਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਹਰਵਿੰਦਰ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।
2 ਜੁਲਾਈ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
2 ਜੁਲਾਈ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਦੇਵ ਸਿੰਘ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ।
3 ਜੁਲਾਈ, ਦਿਨ ਐਤਵਾਰ........ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
3 ਜੁਲਾਈ, ਦਿਨ ਐਤਵਾਰ........ਸਵੇਰ ਨੂੰ ਦੋ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
3 ਜੁਲਾਈ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਕੁਲਵੰਤ ਸਿੰਘ ਲਾਲੀ ਅਤੇ ਪਰਿਵਾਰ ਵਲੋਂ ਹੋਵੇਗੀ।
7 ਜੁਲਾਈ, ਦਿਨ ਵੀਰਵਾਰ........ਸਵੇਰੇ ਨੂੰ ਦੋ ਅਨੰਦ ਕਾਰਜ ਹੋਣਗੇ।
8 ਜੁਲਾਈ, ਦਿਨ ਸ਼ੁੱਕਰਵਾਰ.......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
9 ਜੁਲਾਈ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਅਨੰਦ ਕਾਰਜ ਹੋਵੇਗਾ।
10 ਜੁਲਾਈ, ਦਿਨ ਐਤਵਾਰ.......ਸਵੇਰ ਨੂੰ ਲੰਗਰ ਦੀ ਸੇਵਾ ਭਾਈ ਨਿਰਮਲ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ।
10 ਜੁਲਾਈ, ਦਿਨ ਐਤਵਾਰ.......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
10 ਜੁਲਾਈ, ਦਿਨ ਐਤਵਾਰ.......ਸ਼ਾਮ ਨੂੰ ਨੰਬਰ ਇਕ ਦਰਬਾਰ ਹਾਲ ਵਿਚ ਭਾਈ ਸੀਤਲ ਸਿੰਘ ਚੀਮਾ ਅਤੇ ਨੰਬਰ ਦੋ ਦਰਬਾਰ ਹਾਲ ਵਿਚ ਭਾਈ ਜੋਗਿੰਦਰ ਸਿੰਘ ਥਾਂਦੀ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ।
ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜ਼ਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਸੁਹਣਾ ਸੁੰਦਰ ਦੇਸ਼ ਕਨੇਡਾ

ਸੁਹਣਾ ਸੁਹਣਾ ਸੁਰਗਾਂ ਜੇਹਾ ਸੁਹਜਾਂ ਦਾ ਭੰਡਾਰ ਕਨੇਡਾ।
ਰੰਗ ਬਰੰਗੇ ਭਾਂਤ ਭਾਂਤ ਦੇ 'ਫੁੱਲਾਂ' ਦੀ ਗੁਲਜ਼ਾਰ ਕਨੇਡਾ।
ਬੋਲੀ ਕਿੱਤਾ ਦੇਸ਼ ਧਰਮ ਰੰਗ ਨਸਲ ਦਾ ਭੇਦ ਨਾ ਕੋਈ,
ਬੰਦੇ ਦਾ ਤਾਂ ਬੰਦਿਆਂ ਵਾਂਗੂੰ ਹੁੰਦਾ ਹੈ ਸਤਿਕਾਰ ਕਨੇਡਾ।
ਦੀਨ ਧਰਮ ਤੇ ਸੋਚ ਅਕੀਦੇ ਖੁਲ੍ਹ ਆਜ਼ਾਦੀ ਮੌਜਾਂ ਮਾਨਣ,
ਆਪਣੇ ਰੰਗੀਂ ਵਸਦੇ ਰਸਦੇ ਸਾਰੇ ਸੱਭਿਆਚਾਰ ਕਨੇਡਾ।
ਸੁਹਣੀ ਸੁਹਣੀ ਸੂਰਤ ਏਥੇ, ਸਾਫ ਸੁਚੇਰੀ ਸੀਰਤ ਏਥੇ,
ਨੰਨ੍ਹੇ ਮੁੰਨ੍ਹੇ ਮੁਸਕਣ ਬੱਚੇ ਲੱਗਦੇ ਫੁੱਲ ਬਹਾਰ ਕਨੇਡਾ।
ਰਹਿਣ ਸਹਿਣ ਦੀ ਜਾਚ ਸੁਚੇਰੀ,ਲੋਕੀਂ ਸਾਊ ਸ਼ਿਸ਼ਟਾਚਾਰੀ,
ਸਾਰੀ ਦੁਨੀਆਂ ਨੇ ਹੈ ਮੰਨਿਆ ਦੇਸ਼ਾਂ ਦਾ ਸਰਦਾਰ ਕਨੇਡਾ।
ਜ਼ੁਲਮ ਤਸ਼ੱਦਦ ਬੇਇਨਸਾਫੀ ਰਿਸ਼ਵਤ ਲੁੱਟ ਘਸੁੱਟ ਨਾ ਏਥੇ,
ਲੋਕਾਂ ਦੀ ਸੁਣਵਾਈ ਕਰਦੀ ਸੁਹਣੀ ਹੈ ਸਰਕਾਰ ਕਨੇਡਾ।
ਪਸ਼ੂਆਂ ਵਾਗੂੰ ਬੰਦੇ ਏਥੇ ਨਾ ਕੁੱਟੇ, ਕੋਹੇ, ਮਾਰੇ ਜਾਂਦੇ,
ਦੋਸ਼ੀ ਨਾਲ ਵੀ ਪੁਲਸ ਚੰਗੇਰਾ,ਕਰਦੀ ਹੈ ਵਿਉਹਾਰ ਕਨੇਡਾ।
ਜੁਰਮਾਂ ਤੇ ਕਾਨੂੰਨ ਦੇ ਏਥੇ ਫਿਰਦੇ ਨਾ ਫਰਮਾਨ ਵਿਕਾਊ,
ਸੱਚ ਨਿਆਂ ਦੀ ਤੱਕੜੀ ਉੱ ਤੇ ਹੁੰਦਾ ਹੱਕ ਨਿਤਾਰ ਕਨੇਡਾ।
ਖੁਲ੍ਹੀ ਧਰਤੀ ਜੰਗਲ ਜੂਹਾਂ ਕੁਦਰਤ ਦਾ ਅਨਮੋਲ ਖਜ਼ਾਨਾ,
ਸੋਨੇ ਨੂੰ ਵੀ ਮਾਤ ਪਾ ਗਿਆ ਲੱਕੜ ਦਾ ਵਾਪਾਰ ਕਨੇਡਾ।
ਵੰਨ ਸੁਵੰਨੇ ਸੁੰਦਰ ਸੁਪਨੇ ਚਾਵਾਂ ਰੀਝਾਂ ਪਿਆਰ ਉਮੰਗਾਂ,
ਇੱਕੋ ਰੰਗ ਸਮੋ ਕੇ ਸਭ ਨੂੰ ਰਚਿਆ ਹੈ ਸ਼ਾਹਕਾਰ ਕਨੇਡਾ।
ਸਿਹਤ ਚੰਗੇਰੀ ਉਮਰ ਲੰਬੇਰੀ ਗਈ ਜੁਆਨੀ ਦਾ ਨਾਂ ਝੋਰਾ,
ਥਾਂ ਥਾਂ ਬੈਠ ਕਲੋਲਾਂ ਕਰਦੇ ਬੁੱਢੇ ਪੈਨਸ਼ਨਦਾਰ ਕਨੇਡਾ।
ਛੋਟਾ ਵੱਡਾ ਕੰਮ ਨਾ ਕੋਈ ਰਾਣਾ ਰੰਕ
ਦਾ ਭੇਦ ਨਾ ਕੋਈ,
ਕੀਤੇ ਦਾ ਮੁੱਲ ਪੈਂਦਾ ਯਾਰੋ ਵਧੀਆ
ਹੈ ਕੰਮ ਕਾਰ ਕਨੇਡਾ।
ਕਿੰਨੀ ਸਭਿਆਚਾਰ ਦੀ ਸ਼ੋਭਾ ਮਾਨਵ
ਕਦਰਾਂ ਦੀ ਕੀ ਉਪਮਾਂ
ਦੇਸ਼ ਦਾ ਰੱਖਿਆ ਮੰਤਰੀ ਬਿਣਓਂ, ਪੂਰਾ
ਸਿੰਘ ਸਰਦਾਰ ਕਨੇਡਾ ।



**(ਗਿਆਨ ਸਿੰਘ ਕੋਟਲੀ ਵੈਨਕੂਵਰ)**
**(604-502-7151)**

## ਗੀਤ

ਸਹੁੰ ਤੇਰੀ,ਛੱਡ ਜਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਠੰਡੀਆਂ ਠਾਰ ਹਵਾਵਾਂ ਨੇ।
ਚੜ੍ਹੀਆਂ ਘੋਰ ਘਟਾਵਾਂ ਨੇ।
ਗੀਤ ਖੁਸ਼ੀ ਦੇ ਗਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਆ ਗਈ ਰਾਤ ਮਿਲਾਪਾਂ ਦੀ।
ਇਹ ਸੌਗਾਤ ਮਿਲਾਪਾਂ ਦੀ।
ਮਾਹੀ ਨੂੰ ਸਮਝਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਹੁੰਮਸ ਤਪਸ਼ ਚੁਮਾਸੇ ਨੇ।
ਗਰਮੀ ਦੇ ਧਰਵਾਸੇ ਨੇ।
ਸ਼ਾਹ ਕੁਝ ਸੌਖਾ ਆਵਣ ਦੇ।
ਪੈਣ ਛਰਾਟੇ ਸਾਵਣ ਦੇ।
 ਬਚਿੱਆਂ ਤੇ ਮੁਟਿਆਰਾਂ ਨੂੰ।
ਖਿੜ੍ਹ ਰਹੇ ਗੁਲਜ਼ਾਰਾਂ ਨੂੰ।
ਮਸਤੀ ਵਿਚ ਨਹਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਸ਼ੁਭੱ ਅਸੀਸਾਂ ਮਾਲੀ ਨੂੰ।
ਫਸਲਾਂ ਤੇ ਹਰਿਆਲੀ ਨੂੰ।
ਸੋਨਾ ਹੋਰ ਉਗਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਕਾ.ਗਜ਼ ਵਾਲੀ ਬੇੜੀ ਹੈ।
ਬੱਚਿਆਂ ਨੀਰ ,ਚ ਰੇੜੀ ਹੈ।
ਸ਼ੋਰ ਸ਼ਰਾਬਾ ਪਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਗਿੱਧੇ ਪੀਂਘਾਂ ਤੀਜ ਦੀਆਂ।
ਪੁੰਨਿਆਂ ਤੀਕਰ ਰੀਝ ਦੀਆਂ।
ਖੀਰਾਂ ਪੂੜੇ ਖਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਜ਼ਿੰਦਾ ਰਹਿਣਾ ਸਭਿਆਚਾਰ।
ਦੇਸ਼ ਵਿਦੇਸ਼ਾਂ ਵਿਚ ਪ੍ਰਚਾਰ।
ਇਹ ਤਿਉਹਾਰ ਮਨਾਵਣ ਦੇ।
ਪੈਣ ਛਰਾਟੇ ਸਾਵਣ ਦੇ।
 ਧੁੱਪਾਂ ਛਾਂਵਾਂ ਕਹਿਣਗੀਆਂ।
ਕੌਮਾਂ ਜ਼ਿੰਦਾ ਰਹਿਣਗੀਆਂ।
ਬਾਲਮ ਨੂੰ ਸਮਝਾਵਣ ਦੇ।
ਪੈਣ ਛਰਾਟੇ ਸਾਵਣ ਦੇ।

**ਬਲਵਿੰਦਰ ਬਾਲਮ**

## .ਗਜ਼ਲ

ਜੀਵਨ ਦੇ ਵਿੱਚ ਪਿਆਰੇ ਇਕ ਜਾਂ ਦੋ ਹੁੰਦੇ।
ਜਾਂਦੇ ਹੋ ਸਤਿਕਾਰੇ ਇਕ ਜਾਂ ਦੋ ਹੁੰਦੇ।
ਤੇਰੇ ਸਦਕੇ ਤੂੰ ਤਾਂ ਹੱਦ ਹੀ ਕਰ ਦਿੱਤੀ,
ਸਜੱਣਾ ਝੂਠੇ ਲਾਰੇ ਇਕ ਜਾਂ ਦੋ ਹੁੰਦੇ।
ਸੁੰਦਰਤਾ ਦੇ ਸੱਪ ਤਾਂ ਵੈਸੇ ਲੱਖਾਂ ਨੇ,
ਜ਼ਹਿਰੀਲੇ ਹਤਿਆਰੇ ਇਕ ਜਾਂ ਦੋ ਹੁੰਦੇ।
ਉਮਰਾਂ ਤੀਕਰ ਯਾਦ ਹਮੇਸ਼ਾਂ ਰਹਿੰਦੇ ਜੋ ,
ਸੁੰਦਰ ਸ਼ੋਖ਼ ਨਜ਼ਾਰੇ ਇਕ ਜਾਂ ਦੋ ਹੁੰਦੇ।
ਜੀਵਨ ਦੇ ਵਿੱਚ ਸੱਚ ਜਿਹੜੇ ਹੋ ਜਾਂਦੇ ਨੇ,
ਸੁਪਨੇ ਉਹ ਮੁਟਿਆਰੇ ਇਕ ਜਾਂ ਦੋ ਹੁੰਦੇ।
ਬਾਲਮ,ਹਰ ਇਕ ਅੱਖ ਚ ਸੁਰਮਾ ਜਚਦਾ ਨਈਂ,
ਨੈਣ ਜਿਹੜੇ ਕਜਰਾਰੇ ਇਕ ਜਾਂ ਦੋ ਹੁੰਦੇ।

**ਬਲਵਿੰਦਰ ਬਾਲਮ ਗੁਰਦਾਸਪੁਰ**

## ਮਗਰਮੱਛ

ਮਗਰਮੱਛ ਪਏ ਕੇਰਨ ਹੰਝੂ,
ਗਿਰਝਾਂ ਢੂੰਡਣ ਬੋਟੀਆਂ।
''ਤੰਦੂਰ ਹੋ ਗਿਆ ਤੱਤਾ''
ਫਿਰ?
ਆਓ ਸੇਕੀਏ ਰੋਟੀਆਂ।
ਸਿਆਸਤ ਮਰਜਾਣੀਂ ਚੰਦਰੀ,
ਹੁੰਦੀ ਰੱਤ ਪੀਣੀ।
ਰੱਤ ਪੀ ਇਹ ਨਹੀਂ ਰੱਜਦੀ,
ਕਲ-ਮੂੰਹੀਂ ਸ਼ੀਹਣੀਂ।
ਕਤਲੋ-ਗਾਰਦ,ਅੱਗਜਨੀਂ,
ਇਸ ਲਈ ਇਹ ਗਲਾਂ ਛੋਟੀਆਂ।
ਫਿਰ?
ਆਓ ਸੇਕੀਏ ਰੋਟੀਆਂ।
ਆਦਮ-ਖੋਰ ਇਹ ਕੌਡੇ ਰਾਕਸ਼,
ਕਦੇ ਕਿਸੇ ਦੇ ਮਿੱਤ ਨਹੀਂ ਹੁੰਦੇ।
ਇਹ ਭੁੱਖੇ ਹਨ ਸਦਾ ਸੱਤਾ ਦੇ-
ਸਾਫ਼ ਇਨ੍ਹਾਂ ਦੇ ਚਿੱਤ ਨਹੀਂ ਹੁੰਦੇ।
ਇਹ ਜੂਏਬਾਜ ਮਕਾਰੀ,
ਰ.ਲ ਕੇ ਗਿਣਦੇ ਗੋਟੀਆਂ।
ਫਿਰ?
ਆਓ ਸੇਕੀਏ ਰੋਟੀਆਂ।
ਇਹ ਕਸਾਈ ਕਾਤਲ ਚੰਦਰੇ,
ਰਾਤ-ਬਰਾਤੇ ਲਾਉਂਦੇ ਨਾਕੇ।
ਕਈ ਮਜਲੂਮ ਤੇ ਭੋ.ਲੇ ਭਾਲੇ,
ਹੱਥ ਆ ਜਾਂਦੇ ਮੁੱਛ-ਫ਼ੁਟ ਕਾਕੇ।
ਜੁਲਮ ਦੀਆਂ ਫਿਰ ਟੱਪ ਜਾਂਦੇ ਇਹ,
ਕਈ ਕਈ ਉਚੀਆਂ ਚੋਟੀਆਂ।
ਫਿਰ?
ਆਓ ਸੇਕੀਏ ਰੋਟੀਆਂ।
ਕਾਂ ਵੀ ਕਾਂ ਕਾਂ ਕਰਕੇ ਉਤਰਨ,
ਲਾ ਉਮੀਦਾਂ ਮੋਟੀਆਂ।
ਸਸਕਾਰ ਹੋਏ ਜਦ ਗੱਭਰੂ ਪੁੱਤ ਦਾ,
ਇਹ ਸਿਵੇ ਤੇ ਰ੍ਹਾੜਨ ਰੋਟੀਆਂ।
ਫਿਰ ਭੋਗ ਤੇ ਸਾਰੇ ਨੀਲੇ ਚਿੱਟੇ,
ਆਉਦੇ ਬੰਨ ਬੰਨ ਜੋਟੀਆਂ।
ਫਿਰ?
ਆਓ ਸੇਕੀਏ ਰੋਟੀਆਂ।
ਦੇਸ ਮੇਰੇ ਦੀ ਕਿਸਮਤ ਮਾੜੀ,
ਕੋਈ ਸੁੱਚੀ ਰੂਹ ਨਹੀ ਰਾਜ ਕਰੇਂਦੀ।
ਲੁੱਚੇ-ਲੰਡੇ ਚੌਧਰ ਕਰਦੇ,
ਰੰਨ-ਗੁੰਡੀ ਪ੍ਰਧਾਨ ਬਣੇਂਦੀ।
''ਸਰਾਂ'' ਕੋਈ ਨੀਤ ਸਾਫ਼ ਨਾ ਦੇਖੀ,
ਨੀਤਾਂ ਸਭ ਦੀਆਂ ਖੋਟੀਆਂ।
ਫਿਰ?
ਆਓ ਸੇਕੀਏ ਰੋਟੀਆਂ।
ਮਗਰਮੱਛ ਪਏ ਕੇਰਨ ਹੰਝੂ,
ਗਿਰਝਾਂ ਢੂੰਡਣ ਬੋਟੀਆਂ
ਤੰਦੂਰ ਹੋ ਗਿਆ ਤੱਤਾ,
ਫਿਰ ਆਓ ਸੇਕੀਏ ਰੋਟੀਆਂ।



**ਬਲਵੰਤ ਸਰਾਂ, ਮੱਦੋਕੇ**


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ
ਪੰਜਾਬ ਸਵੀਟ ਹਾਊਸ
ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।
ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।
WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE

ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ
2 Locations to Serve you
#4-12818-72 Ave., Surrey, BC
604-591-7611
#8A-31205 Old Yale Rd., Abbotsford, BC
604-504-1761



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ

ਫੈਮਲੀ ਲਾਅ
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ਼ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

ਇਮੀਗ੍ਰੇਸ਼ਨ ਲਾਅ
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ਼੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ਼੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

ਇੰਪਲਾਇਮੈਂਟ ਲਾਅ
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

ਕਾਰਪੋਰੇਟ ਅਤੇ ਬਿਜ਼ਨਸ ਲਾਅ
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

ਨੋਟਰੀ ਸੇਵਾਵਾਂ
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

ਸਾਡੀ ਚੋਣ ਕਰਨ ਦੇ ਫਾਇਦੇ
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ
ਵਕੀਲ ਅਤੇ ਨੋਟਰੀ ਪਬਲਿਕ
778 835 8455
#201-13049 76th Avenue, Surrey BC V3W2V7
www.rainalaw.com Email : craina@rainalaw.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*1 ਜੁਲਾਈ ਦਿਨ ਸ਼ੁੱਕਰਵਾਰ ਅਨੰਦ ਕਾਰਜ ਦੀ ਰਸਮ ਸ. ਪਲਿਵੰਦਰ ਸਿੰਘ ਚੱਠੂ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*1 ਜੁਲਾਈ ਦਿਨ ਸ਼ੁੱਕਰਵਾਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਸੁਖਜਿੰਦਰ ਸਿੰਘ ਬਰਾੜ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*2 ਜੁਲਾਈ ਦਿਨ ਸ਼ਨੀਵਾਰ ਅਨੰਦ ਕਾਰਜ ਦੀ ਰਸਮ ਸ. ਗੁਰਚਰਨ ਸਿੰਘ ਸਮਰਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*2 ਜੁਲਾਈ ਦਿਨ ਸ਼ਨੀਵਾਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਪ੍ਰਦੀਪ ਸਿੰਘ ਤੁੰਗ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*3 ਜੁਲਾਈ ਦਿਨ ਐਤਵਾਰ ਸਵੇਰ ਦੇ ਲੰਗਰ ਦੀ ਸੇਵਾ ਬੀਬੀ ਕਿਰਪਾਲ ਕੌਰ ਧਾਲੀਵਾਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

*3 ਜੁਲਾਈ ਦਿਨ ਐਤਵਾਰ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਸ਼ਾਮ ਦੇ ਲੰਗਰ ਦੀ ਸੇਵਾ ਸ. ਗੁਰਵੀਰ ਸਿੰਘ ਤੱਲ੍ਹਣ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

## ਲੜੀਵਾਰ ਕੀਰਤਨ ਅਤੇ ਕਥਾ ਸਮਾਗਮ

### ਜੁਲਾਈ 5 ਦਿਨ ਮੰਗਲਵਾਰ ਤੋਂ 17 ਜੁਲਾਈ ਦਿਨ ਐਤਵਾਰ ਤੱਕ

ਗੁਰੂ ਪਿਆਰੀ ਸਾਧ ਸੰਗਤ ਜੀ

ਗੁਰਦੁਆਰਾ ਕਲਗੀਧਰ ਦਰਬਾਰ ਸਾਹਿਬ ਵਿਖੇ 5 ਜੁਲਾਈ ਦਿਨ ਮੰਗਲਵਾਰ ਤੋਂ 17 ਜੁਲਾਈ ਦਿਨ ਐਤਵਾਰ ਤੱਕ ਰੋਜਾਨਾ ਸ਼ਾਮ 7-8.30 ਵਜੇ ਤੱਕ ਬਾਬਾ ਗੁਰਦਿਆਲ ਸਿੰਘ ਜੀ ਟਾਂਡੇ ਵਾਲੇ ਗੁਰਬਾਣੀ ਕੀਰਤਨ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

- ਰਾਗੀ ਜਥਾ:ਭਾਈ ਮਨਜੀਤ ਸਿੰਘ ਜੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਾਲੇ, ਭਾਈ ਰਸ਼ਵਿੰਦਰ ਸਿੰਘ ਜੀ
- ਕਥਾ ਵਾਚਕ:ਗਿਆਨੀ ਮੋਹਕਮ ਸਿੰਘ ਜੀ ਫਗਵਾੜੇ ਵਾਲੇ

**ਜਰੂਰੀ ਬੇਨਤੀ:** ਕੋਵਿਡ-19 ਦੀਆਂ ਸਰਕਾਰੀ ਹਦਾਇਤਾਂ ਦੀ ਪਾਲਣਾ ਕਰੋ। ਘੱਟ ਤੋਂ ਘੱਟ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖੋ। ਗੁਰਦੁਆਰਾ ਸਾਹਿਬ ਵਿਖੇ ਮਾਸਕ ਤੇ ਸੈਨੀਟਾਇਜ਼ਰ ਉਪਲਬਧ ਹੈ।

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗੁੰਥੀ):236-887-5274, ਗਿਆਨੀ ਕੇਵਲ ਸਿੰਘ (ਗੁੰਥੀ):778-347-8284


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

Dev Bros.

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ

Custom Tailoring

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ ਨਵਾਂ ਸਟੋਰ ਹੁਣ ਐਬਟਸਫੋਰਡ 'ਚ

Phone:604-880-8434 #118, 32083 Hillcrst Ave, Abbotsford



PEACE FURNITURE

For The Peace Of Your Mind






ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

604-902-1415

#A/B/C 7967-128St, Surrey, BC V3W 4E7

Email:sales@peacefurnituire.ca Web:www.peacefurniture.ca